86

# ‘‘ਮੈਂ ਯਿਸੂ ਨੂੰ ਕੀ ਕਰਾਂ?’’

## ਬਾਈਬਲ ਪਾਠ# 37

VII. ਯਿਸੂ ਦੀ ਸੇਵਕਾਈ ਦਾ ਆਖ਼ਰੀ ਹਫ਼ਤਾ (ਚੱਲਦਾ)।

ਗ. ਸ਼ੁੱਕਰਵਾਰ: ਯਿਸੂ ਦੀ ਮੌਤ ਦਾ ਦਿਨ (ਚੱਲਦਾ)।

5. ਪਤਰਸ ਵੱਲੋਂ ਇਨਕਾਰ (ਮੱਤੀ 26:58, 69–75; ਮਰਕੁਸ 14:54, 66–72; ਲੂਕਾ 22:54ਅ–62; ਯੂਹੰਨਾ 18:15–18, 25–27)।
6. ਯਹੂਦੀ ‘‘ਪੇਸ਼ੀ’’ (ਚਰਣ ਤਿੰਨ): ਮਹਾਂਸਭਾ ਵੱਲੋਂ ਸਜ਼ਾ (ਮੱਤੀ 27:1, 2; ਮਰਕੁਸ 15:1; ਲੂਕਾ 22:66—23:1; ਯੂਹੰਨਾ 18:28)।
7. ਰੋਮੀ ਪੇਸ਼ੀ:

ੳ. ਚਰਣ ਇਕ: ਪਿਲਾਤੁਸ ਅੱਗੇ (ਬੇਕਸੂਰ ਪਾਇਆ ਗਿਆ) (ਮੱਤੀ 27:11–14; ਮਰਕੁਸ 15:2–5; ਲੂਕਾ 23:2–7; ਯੂਹੰਨਾ 18:28–38)।

### ਜਾਣ ਪਛਾਣ

ਇਸ ਪਾਠ ਵਿਚ,[1] ਅਸੀਂ ਯਿਸੂ ਦੀਆਂ ਪੇਸ਼ੀਆਂ ਦਾ ਅਧਿਐਨ ਜਾਰੀ ਰੱਖਾਂਗੇ। ਪਿਲਾਤੁਸ ਦੇ ਸਾਹਮਣੇ ਮਸੀਹ ਦੀ ਪੇਸ਼ੀ ਦੌਰਾਨ, ਉਸ ਹਾਕਮ ਨੇ ਭੀੜ ਕੋਲੋਂ ਪੁੱਛਿਆ ਕਿ ‘‘... ਯਿਸੂ ਨੂੰ ਜਿਹੜਾ ਮਸੀਹ ਕਹਾਉਂਦਾ ਹੈ ਮੈਂ ਕੀ ਕਰਾਂ?’’ (ਮੱਤੀ 27:22)। ਇਹ ਸਵਾਲ ਅੱਜ ਵੀ ਓਨਾ ਹੀ *ਪ੍ਰਸੰਗਿਕ* ਹੈ, ਜਿਨ੍ਹਾਂ ਪਹਿਲੀ ਵਾਰ ਪੁੱਛੇ ਜਾਣ ਵੇਲੇ ਸੀ। ਹਰ ਕਿਸੇ ਲਈ, ਜੋ ਯਿਸੂ ਤੋਂ ਸਿੱਖਦਾ ਹੈ ਇਸ ਸਵਾਲ ਦਾ ਜਵਾਬ ਦੇਣਾ ਜ਼ਰੂਰੀ ਹੈ।

ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਕੁਝ ਲੋਕਾਂ ਨੇ ਇਸ ਸਵਾਲ ਦਾ ਜਵਾਬ ਕਿਵੇਂ ਦਿੱਤਾ ਸੀ। ਉਦਾਹਰਣ ਲਈ, ਯਹੂਦਾ ਦੇ ਕਹਿਣ ਤੋਂ ਭਾਵ ਸੀ ਕਿ ‘‘ਮੈਂ ਉਸ ਨੂੰ ਵੇਚ ਦਿਆਂਗਾ!’’ ਅੱਜ ਵੀ ਕੁਝ ਲੋਕ ਪ੍ਰਸਿੱਧੀ, ਸੁੱਖ ਜਾਂ ਜਾਇਦਾਦ ਵਰਗੇ ਸੁਆਰਥੀ ਟੀਚਿਆਂ ਦੀ ਪ੍ਰਾਪਤੀ ਲਈ ਪ੍ਰਭੂ ਨੂੰ ‘‘ਵੇਚਣ’’ ਦੇ ਦੋਸ਼ੀ ਹਨ।[2] ਕਈਆਂ ਨੇ ਉਸ ਨੂੰ ਚਾਂਦੀ ਦੇ ਤੀਹ ਸਿੱਕਿਆਂ ਤੋਂ ਵੀ ਘੱਟ ਵਿਚ ‘‘ਵੇਚ ਦਿੱਤਾ’’ ਹੈ!

ਯਿਸੂ ਦੀਆਂ ਪੇਸ਼ੀਆਂ ਦੀ ਸਮੀਖਿਆ ਜਾਰੀ ਰੱਖਦੇ ਹੋਏ, ਮੈਂ ਵਿਚ ਵਿਚ ਦੱਸਦਾ ਰਹਾਂਗਾ ਕਿ ਦੂਜਿਆਂ ਨੇ ‘‘ਮੈਂ ਯਿਸੂ ਨੂੰ ਕੀ ਕਰਾਂ?’’ ਸਵਾਲ ਦਾ ਜਵਾਬ ਕਿਵੇਂ ਦਿੱਤਾ। ਮੇਰਾ ਮਕਸਦ ਹਰ ਕਿਸੇ ਨੂੰ ਇਹ ਪੁੱਛਣ ਦੀ ਚੁਣੌਤੀ ਦੇਣਾ ਹੈ ਕਿ ‘‘*ਮੈਂ ਪ੍ਰਭੂ ਨਾਲ ਕੀ ਕੀਤਾ ਹੈ?*’’

### ਪਤਰਸ ਦਾ ਇਨਕਾਰ (ਮੱਤੀ 26:56-58, 69-75; ਮਰਕੁਸ 14:54, 66-72; ਲੂਕਾ 22:54-62; ਯੂਹੰਨਾ 18:15-18, 25-27)

ਪਿਛਲੇ ਪਾਠ ਵਿਚ, ਅਸੀਂ ਬਾਗ ਵਿਚ ਯਿਸੂ ਦੀਆਂ ਦੁਆਵਾਂ, ਉਸ ਦੀ ਗਿਰਫ਼ਤਾਰੀ ਅਤੇ ਯਹੂਦੀ ‘‘ਪੇਸ਼ੀਆਂ’’ ਦੇ ਸ਼ੁਰੂਆਤੀ ਪੜਾਵਾਂ ਦਾ ਅਧਿਐਨ ਕੀਤਾ ਸੀ। ਇਸ ਪਾਠ ਦੀ ਸ਼ੁਰੂਆਤ ਵਿਚ, ਸਾਨੂੰ ਯਿਸੂ ਦੀ ਗਿਰਫ਼ਤਾਰੀ ਦੇ ਸਮੇਂ ਵਿਚ ਵਾਪਸ ਜਾਣਾ ਚਾਹੀਦਾ ਹੈ।

ਮਸੀਹ ਦੀ ਗਿਰਫ਼ਤਾਰੀ ਤੋਂ ਬਾਅਦ ‘‘ਸਾਰੇ ਚੇਲੇ ਉਹ ਨੂੰ ਛੱਡ ਕੇ ਭੱਜ ਗਏ’’ (ਮੱਤੀ 26:56)। ਪਰ ਜਦੋਂ ਉਹ ਯਿਸੂ ਨੂੰ ਲੈ ਕੇ ਜਾ ਰਹੇ ਸਨ, ਤਾਂ ਪਤਰਸ ਅਤੇ ਯੂਹੰਨਾ[3] ਉਸ ਦੇ ਅਤੇ ਉਸਦੇ ਫੜਨ

ਵਾਲਿਆਂ ਦੇ ਪਿੱਛੇ–ਪਿੱਛੇ ਮਹਾਂਯਾਜਕ ਦੇ ਘਰ ਤਕ ਕੁਝ ਵਿੱਥ ਤੇ[4] ਚੱਲਦੇ ਰਹੇ (ਮਰਕੁਸ 14:54; ਯੂਹੰਨਾ 18:15; ਲੂਕਾ 22:54)। ਯੂਹੰਨਾ ਜੋ ਮਹਾਂਯਾਜਕ ਦੇ ਘਰ ਵਾਲਿਆਂ ਤੋਂ ਜਾਣੂ ਸੀ,[5] ਨੂੰ ਵਿਹੜੇ ਵਿਚ ਪ੍ਰਵੇਸ਼ ਕਰਨ ਦੀ ਇਜਾਜ਼ਤ ਮਿਲ ਗਈ (ਯੂਹੰਨਾ 18:15)। ਇਹ ਅਹਾਤਾ ਮਹਾਂਸਭਾ ਦੇ ਇਕੱਠੇ ਹੋਣ ਦੀ ਥਾਂ ਤੋਂ ਥੱਲੇ ਸੀ (ਵੇਖੋ ਮਰਕੁਸ 14:65, 66)। ਯੂਹੰਨਾ ਦੇ ਕਾਰਣ ਪਤਰਸ ਨੂੰ ਵੀ ਅੰਦਰ ਆਉਣ ਦਿੱਤਾ ਗਿਆ ਸੀ (ਵੇਖੋ ਯੂਹੰਨਾ 18:16, 17)।[6]

ਠੰਡ ਭਜਾਉਣ ਲਈ ਵਿਹੜੇ ਵਿਚ ਕੋਲਿਆਂ ਦੀ ਅੱਗ ਬਾਲੀ ਗਈ ਸੀ (ਯੂਹੰਨਾ 18:18; ਲੂਕਾ 22:55)। ਪਤਰਸ ਯਿਸੂ ਦੀ ਗਿਰਫ਼ਤਾਰੀ ਦੇ ''ਓੜਕ ਨੂੰ ਵੇਖਣ ਲਈ'' (ਮੱਤੀ 26:58) ਅੱਗ ਦੇ ਕੋਲ ਇੰਜ ਬੈਠ ਗਿਆ[7] ਜਿਵੇਂ ਕਿ ਉਹ ਉਨ੍ਹਾਂ ਵਿੱਚੋਂ ਇਕ ਹੀ ਹੋਵੇ। ਅੱਗ ਸੇਕ ਰਹੇ ਲੋਕਾਂ ਵਿਚ ਕੁਝ ''ਸਿਪਾਹੀ'' (ਮਰਕੁਸ 14:54; ਯੂਹੰਨਾ 18:18) ਵੀ ਸਨ, ਜਿਨ੍ਹਾਂ ਨੇ ਉਸ ਦੇ ਪ੍ਰਭੂ ਨੂੰ ਗਿਰਫ਼ਤਾਰ ਕੀਤਾ ਸੀ।

ਪਹਿਲਾਂ ਸ਼ਾਮ ਨੂੰ, ਯਿਸੂ ਨੇ ਨਬੂਵਤ ਕੀਤੀ ਸੀ ਕਿ ਉਸ ਦੇ ਚੇਲੇ ਉਸ ਨੂੰ ਛੱਡ ਜਾਣਗੇ (ਮੱਤੀ 26:31)। ਇਸ ਦਾ ਪਤਰਸ ਨੇ ਵਿਰੋਧ ਕੀਤਾ ਸੀ, ''ਭਾਵੇਂ ਤੇਰੇ ਕਾਰਣ ਸੱਭੇ ਠੋਕਰ ਖਾਣ ਪਰ ਮੈਂ ਠੋਕਰ ਕਦੇ ਨਹੀਂ ਖਾਵਾਂਗਾ'' (ਮੱਤੀ 26:33)। ਪ੍ਰਭੂ ਨੇ ਉਸ ਨੂੰ ਅਫ਼ਸੋਸ ਨਾਲ ਦੱਸਿਆ ਸੀ, ''ਮੈਂ ਤੈਨੂੰ ਸੱਚ ਆਖਦਾ ਹਾਂ ਜੋ ਅੱਜ ਰਾਤ ਕੁੱਕੜ ਦੇ ਬਾਂਗ ਦੇਣ ਤੋਂ ਅੱਗੇ[8] ਤਿੰਨ ਵਾਰੀ ਤੂੰ ਮੇਰਾ ਇਨਕਾਰ ਕਰੇਂਗਾ'' (ਮੱਤੀ 26:34)।

ਪਹਿਲਾ ਇਨਕਾਰ ਜ਼ਿਆਦਾ ਦੇਰ ਬਾਅਦ ਨਹੀਂ ਹੋਣਾ ਸੀ।[9] ਉਹ ਗੋੱਲੀ ਜਿਸ ਨੇ ਪਤਰਸ ਨੂੰ ਅੰਦਰ ਆਉਣ ਦਿੱਤਾ ਸੀ, ਉਸ ਦੇ ਕੋਲ ਆ ਕੇ ਕਹਿਣ ਲੱਗੀ, ''ਕੀ ਤੂੰ ਵੀ ਐਸ ਮਨੁੱਖ ਦੇ ਚੇਲਿਆਂ ਵਿੱਚੋਂ ਹੈਂ?'' (ਯੂਹੰਨਾ 18:17ੳ)। ਉਸ ਨੂੰ ਇਹ ਸ਼ੱਕ ਇਸ ਲਈ ਹੋਇਆ, ਕਿਉਂਕਿ ਉਹ ਯੂਹੰਨਾ ਦੇ ਨਾਲ ਸੀ। ਪਤਰਸ ਨੇ ਝੱਟ ਜਵਾਬ ਦਿੱਤਾ, ''ਮੈਂ ਨਹੀਂ ਹਾਂ'' (ਯੂਹੰਨਾ 18:17ਅ), ਪਰ ਇਸ ਨਾਲ ਉਹ ਔਰਤ ਸੰਤੁਸ਼ਟ ਨਾ ਹੋਈ। ''ਉਹ ਨੂੰ ਧਿਆਨ ਨਾਲ ਵੇਖ ਕੇ'' (ਲੂਕਾ 22:56ੳ), ਉਸ ਨੇ ਅੱਗ ਕੋਲ ਬੈਠੇ ਲੋਕਾਂ ਨੂੰ ਦੱਸਿਆ, ''ਇਹ ਵੀ ਉਹ ਦੇ ਨਾਲ ਸੀ'' (ਲੂਕਾ 22:56ਅ)। ਉਸ ਨੇ ਚੇਲੇ ਨੂੰ ਕਿਹਾ, ''ਤੂੰ ਵੀ ਯਿਸੂ ਨਾਸਰੀ ਦੇ ਨਾਲ ਸੈਂ'' (ਮਰਕੁਸ 14:67; ਵੇਖੋ ਮੱਤੀ 26:69)। ਪਰ ''ਉਹ ਨੇ ਸਭਨਾਂ ਦੇ ਅੱਗੇ ਮੁੱਕਰ ਕੇ ਆਖਿਆ'' (ਮੱਤੀ 26:70) ਕਿ ''ਮੈਂ ਉਹ ਨੂੰ ਜਾਣਦਾ ਨਹੀਂ''; ''ਨਾ ਮੈਂ ਜਾਣਦਾ, ਨਾ ਮੇਰੀ ਸਮਝ ਵਿਚ ਆਉਂਦਾ ਹੈ ਭਈ ਤੂੰ ਕੀ ਆਖਦੀ ਹੈਂ'' (ਲੂਕਾ 22:57; ਮਰਕੁਸ 14:68)।

ਰਸੂਲ ਝੱਟ ਅੱਗ ਕੋਲੋਂ ਉੱਠ ਕੇ ਡਿਉੜੀ ਵੱਲ ਨੂੰ ਚਲਿਆ ਗਿਆ (ਮੱਤੀ 26:71), ਜਿੱਥੇ ਉਹ ਡਿਉੜੀ ਦੇ ਥੱਲੇ ਖੜਾ ਹੋ ਸਕਦਾ ਸੀ[10] (ਮਰਕੁਸ 14:68)।[11] ਪਰ ਇਹ ਔਰਤ ਉਸ ਦੇ ਮਗਰ ਮਗਰ ਚਲੀ ਗਈ ਅਤੇ ਕੋਲ ਖਲੋਤੇ ਲੋਕਾਂ ਨੂੰ ਦੱਸਣ ਲੱਗੀ, ''ਇਹ ਉਨ੍ਹਾਂ ਵਿੱਚੋਂ ਇਕ ਹੈ'' (ਮਰਕੁਸ 14:69)। ਇਕ ਹੋਰ ਗੋਲੀ ਨੇ ਉਸ ਦੀ ਹਾਂ ਵਿਚ ਹਾਂ ਮਿਲਾਈ: ''ਇਹ ਵੀ ਯਿਸੂ ਨਾਸਰੀ ਦੇ ਨਾਲ ਸੀ'' (ਮੱਤੀ 26:71; ਵੇਖੋ ਲੂਕਾ 22:58)। ''ਉਹ ਸਹੁੰ ਖਾ ਕੇ ਫੇਰ ਮੁੱਕਰ ਗਿਆ[12] ਜੋ ਮੈਂ ਉਸ ਮਨੁੱਖ ਨੂੰ ਜਾਣਦਾ ਹੀ ਨਹੀਂ'' (ਮੱਤੀ 26:72; ਵੇਖੋ ਲੂਕਾ 22:58)। ਇਹ ਉਸ ਦਾ ਦੂਜਾ ਇਨਕਾਰ ਸੀ।

ਸਾਨੂੰ ਰੁਕ ਕੇ ਇਹ ਪੁੱਛਣਾ ਚਾਹੀਦਾ ਹੈ ਕਿ ''ਭਲਾ ਪਤਰਸ ਨੇ ਯਿਸੂ ਦਾ ਇਨਕਾਰ ਕਿਉਂ ਕੀਤਾ?'' ਇਹ ਮੱਛੀਆਂ ਫੜ੍ਹਨ ਵਾਲਾ ਅਸਾਨੀ ਨਾਲ ਨਹੀਂ ਡਰਿਆ ਸੀ। ਉਸ ਨੇ ਬਾਗ ਵਿਚ ਆਪਣੀ ਬਹਾਦਰੀ ਸਾਬਤ ਕੀਤੀ ਸੀ। ਅਹਾਤੇ ਵਿਚ ਆ ਕੇ ਉਸ ਨੇ ਦਲੇਰੀ (ਜਾਂ ਘੱਟੋ ਘੱਟ ਹਿੰਮਤ) ਵਿਖਾਈ ਸੀ, ਜਿੱਥੇ ਉਸ ਨੇ ਯਿਸੂ ਦੇ ਦੁਸ਼ਮਣਾਂ ਨਾਲ ਘੇਰੇ ਜਾਣਾ ਸੀ। ਅਸੀਂ ਇਸ ਸਵਾਲ ਦਾ ਜਵਾਬ ਸਾਫ਼ ਨਹੀਂ ਦੇ ਸਕਦੇ, ਪਰ ਇਸ ਤੇ ਵਿਚਾਰ ਕਰੋ: ਪਤਰਸ ਉਲਝਣ ਵਿਚ ਪੈ ਗਿਆ ਸੀ; ਉਸ ਨੂੰ ਸ਼ੱਕ ਵੀ

ਹੋ ਰਿਹਾ ਹੋ ਸਕਦਾ ਹੈ। ਕਿਸੇ ਕਾਰਣ, ਇਹ ਵਿਚਾਰ ਕਿ ਯਿਸੂ ਗਿਰਫ਼ਤਾਰ ਹੋ ਸਕਦਾ ਹੈ, ਉਸ ਤੇ ਮੁਕੱਦਮਾ ਹੋ ਸਕਦਾ ਹੈ ਅਤੇ ਉਹ ਮਰ ਸਕਦਾ ਹੈ, ਮਸੀਹਾ ਦੇ ਉਸਦੇ ਪਹਿਲਾਂ ਤੋਂ ਬਣੇ ਵਿਚਾਰ ਨਾਲ ਮੇਲ ਨਹੀਂ ਖਾਂਦਾ ਸੀ (ਮੱਤੀ 16:22)। ਦੂਜਾ ਕਾਰਣ, ਉਸ ਨੂੰ ਸਮਝ ਨਹੀਂ ਆਈ ਹੋਵੇਗੀ ਕਿ ਉਸ ਦੇ ਪ੍ਰਭੂ ਨੇ ਉਸ ਨੂੰ ਤਲਵਾਰ ਚਲਾਉਣ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਸੀ (ਮੱਤੀ 26:52)। ਅਹਾਤੇ ਵਿਚ ਆਉਣ ਤੇ ਪੱਕੇ ਇਰਾਦੇ ਵਾਲਾ ਇਹ ਸ਼ਖ਼ਸ ਅਸੁਰੱਖਿਅਤ, ਬਹੁਤ ਹੀ ਅਸੁਰੱਖਿਅਤ ਸੀ।[13]

ਯਿਸੂ ਤੋਂ ਰਸੂਲ ਨੂੰ ਇਕੱਲਾ ਹੋਏ ਇਕ ਘੰਟਾ ਹੋ ਗਿਆ ਸੀ, ਪਰ ਫਿਰ ''ਇਕ ਘੜੀ ਕੁ ਮਗਰੋਂ ਕਿਸੇ ਹੋਰ ਨੇ ਪੱਕਾ ਕਰ ਕੇ ਕਿਹਾ ਕਿ ਸੱਚੀ ਮੁੱਚੀ ਇਹ ਉਸ ਦੇ ਨਾਲ ਸੀ ਕਿਉਂ ਜੋ ਇਹ ਗਲੀਲੀ ਹੈ। ਪਰ ਪਤਰਸ ਨੇ ਆਖਿਆ, ਹੇ ਸ਼ਖ਼ਸਾ, ਮੈਨੂੰ ਪਤਾ ਨਹੀਂ ਭਈ ਤੂੰ ਕੀ ਆਖਦਾ ਹੈਂ'' (ਲੂਕਾ 22:59, 60)। ਕੋਲ ਖਲੋਤੇ ਕੁਝ ਲੋਕ ਵੀ ਉਸ ਦੇ ਨਾਲ ਕਹਿਣ ਲੱਗੇ, ''ਸੱਚੀ ਮੁੱਚੀ ਤੂੰ ਵੀ ਉਨ੍ਹਾਂ ਵਿੱਚੋਂ ਹੈਂ, ਤੇਰੀ ਬੋਲੀ ਪਈ ਦੱਸਦੀ ਹੈ'' (ਮੱਤੀ 26:73)। ਗਲੀਲੀ ਦੀ ਬੋਲੀ ਦੂਜਿਆਂ ਨਾਲੋਂ ਫ਼ਰਕ ਸੀ। ਆਪਣੇ ਅਸਪੱਸ਼ਟ ਉੱਚਾਰਣ ਤੋਂ ਇਲਾਵਾ, ਓਹ ਕਈ ਅੱਖਰ ਇੱਕੋ ਜਿਹੇ ਹੀ ਬੋਲਦੇ ਸਨ ਅਤੇ ਕਈ ਅੱਖਰ ਖਾ ਜਾਂਦੇ ਸਨ। ਭੀੜ ਵਿਚ ਮਲਖੁਸ ਦਾ ਇਕ ਰਿਸ਼ਤੇਦਾਰ ਸੀ (ਵੇਖੋ ਯੂਹੰਨਾ 18:10)। ਉਸ ਨੇ ਕਿਹਾ, ''ਭਲਾ, ਮੈਂ ਤੈਨੂੰ ਉਹ ਦੇ ਨਾਲ ਬਾਗ ਵਿਚ ਨਹੀਂ ਵੇਖਿਆ?'' (ਯੂਹੰਨਾ 18:26)। ਪਤਰਸ ''ਸਰਾਪ ਦੇਣ ਅਤੇ ਸਹੁੰ ਖਾਣ ਲੱਗਾ ਭਈ ਮੈਂ ਉਸ ਮਨੁੱਖ ਨੂੰ ਜਾਣਦਾ ਹੀ ਨਹੀਂ'' (ਮੱਤੀ 26:74ੳ)। ਇਹ ਉਸ ਦਾ ਤੀਜਾ ਇਨਕਾਰ ਸੀ।

''ਅਜੇ ਉਹ ਬੋਲਦਾ ਹੀ ਸੀ ਕਿ ਝੱਟ ਕੁੱਕੜ ਨੇ ਬਾਂਗ ਦੇ ਦਿੱਤੀ''[14] (ਲੂਕਾ 22:60; ਵੇਖੋ ਮੱਤੀ 26:74; ਯੂਹੰਨਾ 18:27) ਬਿਲਕੁਲ ਉਵੇਂ ਜਿਵੇਂ ਯਿਸੂ ਨੇ ਨਬੂਵਤ ਕੀਤੀ ਸੀ। ਉਸੇ ਵੇਲੇ, ''ਪ੍ਰਭੂ ਨੇ ਮੁੜ ਕੇ ਪਤਰਸ ਵੱਲ ਨਿਗਾਹ ਕੀਤੀ'' (ਲੂਕਾ 22:61)। ਹੋ ਸਕਦਾ ਹੈ ਕਿ ਯਿਸੂ ਨੇ ਬਾਰੀ ਵਿੱਚੋਂ ਦੀ ਹੇਠਾਂ ਵੇਖਿਆ ਹੋਵੇ। ਸ਼ਾਇਦ ਇਕ ਤੋਂ ਦੂਜੀ ਥਾਂ ਤੇ ਲੈ ਕੇ ਜਾਂਦੇ ਸਮੇਂ ਜਾਂ ਉਸ ਨੇ ਅਹਾਤੇ ਵਿੱਚੋਂ ਲੰਘਦੇ ਲੰਘਦੇ ਰਸੂਲ ਨੂੰ ਨੀਝ ਲਾ ਕੇ ਵੇਖਿਆ। ਕੀ ਤੁਸੀਂ ਪ੍ਰਭੂ ਦੇ ਵੇਖਣ ਦੀ ਕਲਪਨਾ ਕਰ ਸਕਦੇ ਹੋ? ਉਸ ਵੇਖਣ ਵਿਚ ਕਿੰਨੇ ਜਜ਼ਬਾਤ ਹੋਣਗੇ: ਹੈਰਾਨੀ, ਝਿੜਕ ... ਪਰ ਪਿਆਰ ਵੀ, ਕਿਉਂਕਿ ਪਿਆਰ ਤਾਂ ਹੁੰਦਾ ਹੀ ਹੈ! ਜਦੋਂ ਯਿਸੂ ਨੇ ਪਤਰਸ ਵੱਲ ਵੇਖਿਆ, ਤਾਂ ਰਸੂਲ ਨੂੰ ''ਪ੍ਰਭੂ ਦੀ ਗੱਲ ਚੇਤੇ ਆਈ ਜੋ ਉਸ ਨੇ ਕਹੀ ਸੀ ਭਈ ਅੱਜ ਕੁੱਕੜ ਦੇ ਬਾਂਗ ਦੇਣ ਤੋਂ ਅੱਗੇ[15] ਤਿੰਨ ਵਾਰੀ ਤੂੰ ਮੇਰਾ ਇਨਕਾਰ ਕਰੇਂਗਾ ਅਰ ਉਹ ਬਾਹਰ ਗਿਆ ਅਤੇ ਭੁੱਬਾਂ ਮਾਰ ਕੇ ਰੋਇਆ'' (ਲੂਕਾ 22:61, 62)। ਹਾਲਾਤ ਦੀਆਂ ਮਾਰੀਆਂ ਉਸ ਦੀਆਂ ਗੱਲ੍ਹਾਂ ਤੇ ਹੰਝੂ ਡਿੱਗਣ ਲੱਗੇ।

''ਮੈਂ ਯਿਸੂ ਨੂੰ ਕੀ ਕਰਾਂ?'' ਸਵਾਲ ਦਾ ਜਵਾਬ ਭਲਾ ਅਸੀਂ ਕਦੀ ਦਿੱਤਾ ਹੈ ਕਿ ''ਮੈਂ ਉਸ ਦਾ ਇਨਕਾਰ ਕਰਾਂਗਾ''? ਕੀ ਅਸੀਂ ਉੱਥੇ ਬੇਚੈਨ ਹੋਏ ਹਾਂ ਜਿੱਥੇ ਪ੍ਰਭੂ ਅਤੇ ਉਸ ਦੇ ਵਚਨ ਲਈ ਖੜੇ ਹੋਣ ਦੀ ਥਾਂ ਸ਼ਾਂਤ ਰਹਿਣਾ ਅਸਾਨ ਅਤੇ ਸੁਰੱਖਿਅਤ ਹੈ।[16] ਇਹ ਨਾ ਸੋਚੋ ਕਿ ਇਸ ਤਰ੍ਹਾਂ ਕਦੀ ਨਹੀਂ ਹੋ ਸਕਦਾ; ਜੇ ਪਤਰਸ ਡਿੱਗ ਸਕਦਾ ਸੀ ਤਾਂ ਅਸੀਂ ਵੀ ਡਿੱਗ ਸਕਦੇ ਹਾਂ (ਵੇਖੋ 1 ਕੁਰਿੰਥੀਆਂ 10:12)।

ਪਰ ਪਤਰਸ ਦੀ ਕਹਾਣੀ ਇਹ ਵੀ ਐਲਾਨ ਕਰਦੀ ਹੈ ਕਿ ਨਾਕਾਮੀ ਅੰਤ ਨਹੀਂ ਹੈ। ਇਸ ਤੇ ਅਸੀਂ ਅਗਲੇ ਪਾਠ ਵਿਚ ਗੱਲ ਕਰਾਂਗੇ।

## ਮਹਾਂਸਭਾ ਦਾ ਇਲਜ਼ਾਮ ਲਾਉਣਾ
## (ਮੱਤੀ 27:1, 2; ਮਰਕੁਸ 15:1; ਲੂਕਾ 22:66—23:1)

ਆਓ ਹੁਣ ਯਿਸੂ ਦੀਆਂ ਪੇਸ਼ੀਆਂ ਦੇ ਵੇਰਵੇ ਤੇ ਵਾਪਸ ਆਉਂਦੇ ਹਾਂ। ਇਸ ਤਰ੍ਹਾਂ ਕਰਦੇ ਹੋਏ ''ਮੈਂ ਯਿਸੂ ਨੂੰ ਕੀ ਕਰਾਂ?'' ਸਵਾਲ ਦਾ ਇਕ ਹੋਰ ਜਵਾਬ ਮਿਲਦਾ ਹੈ। ਮਹਾਂਸਭਾ ਦੇ ਕਹਿਣ ਤੋਂ ਭਾਵ ਸੀ ਕਿ ''ਅਸੀਂ ਉਸ ਤੇ ਇਲਜ਼ਾਮ ਲਾਵਾਂਗੇ!''

ਕਯਾਫ਼ਾ ਦੇ ਘਰ ਵਿਚ ਰਾਤ ਨੂੰ ਮਹਾਂਸਭਾ ਦੀ ਬੈਠਕ ਗੈਰ ਕਨੂੰਨੀ ਨਹੀਂ, ਤਾਂ ਬੇਕਾਇਦਾ ਜ਼ਰੂਰ ਸੀ।[17] ਅਗਲੇ ਦਿਨ ਮੂੰਹ ਹਨੇਰੇ (ਵੇਖੋ ਮਰਕੁਸ 15:1; ਲੂਕਾ 22:66), ਯਿਸੂ ਨੂੰ ਇਹ ''ਅਧਿਕਾਰਕ'' ਸਭਾ ਲਈ ਪੰਚਾਇਤ ਸਭਾ ਵਿਚ ਲਿਜਾਇਆ ਗਿਆ ਸੀ[18] (ਲੂਕਾ 22:66)।

ਸਭਾ ਦੇ ਲੋਕਾਂ[19] ਦਾ ਮਕਸਦ ਦੋਹਰਾ ਸੀ। ਪਹਿਲਾਂ ਤਾਂ ਉਨ੍ਹਾਂ ਲਈ ਰਾਤ ਵਿਚ ਪਾਸ ਕੀਤੀ ਗਈ ਸਜ਼ਾ ਦੀ ਰਵਾਇਤੀ ਤਸਦੀਕ ਕਰਨੀ ਜ਼ਰੂਰੀ ਸੀ। ਉਨ੍ਹਾਂ ਨੇ ਯਿਸੂ ਕੋਲੋਂ ਫੇਰ ਪੁੱਛਿਆ, ''ਜੇ ਤੂੰ ਮਸੀਹ ਹੈਂ ਤਾਂ ਸਾਨੂੰ ਦੱਸ!'' (ਲੂਕਾ 22:67; ਵੇਖੋ ਮੱਤੀ 26:63)। ਉਸ ਨੇ ਜਵਾਬ ਦਿੱਤਾ, ''ਜੇ ਮੈਂ ਤੁਹਾਨੂੰ ਦੱਸਾਂ ਤੁਸੀਂ ਪਰਤੀਤ ਕਦੇ ਨਾ ਕਰੋਗੇ। ਅਰ ਜੇ ਮੈਂ ਕੁਝ ਪੁੱਛਾਂ ਤਾਂ ਤੁਸੀਂ ਉੱਤਰ ਕਦੇ ਨਾ ਦਿਓਗੇ''[20] (ਲੂਕਾ 22:67, 68)। LB ਦਾ ਅਨੁਵਾਦ ਹੈ ''... ਤੁਸੀਂ ਮੇਰੇ ਤੇ ਯਕੀਨ ਨਹੀਂ ਕਰੋਗੇ ਅਰਥਾਤ ਮੈਨੂੰ ਆਪਣੀ ਗੱਲ ਨਹੀਂ ਕਹਿਣ ਦਿਓਗੇ।'' ਪਰ ਇਸ ਤੋਂ ਬਾਅਦ ਯਿਸੂ ਨੇ ਆਪਣੇ ਲਈ ਮਸੀਹਾ ਦੇ ਖਿਤਾਬ ਦੀ ਵਰਤੋਂ ਕਰਦੇ ਹੋਏ ਖ਼ੁਦ ਨੂੰ ''ਮਨੁੱਖ ਦਾ ਪੁੱਤਰ'' (ਲੂਕਾ 22:69) ਕਿਹਾ।[21] ਸਭਾ ਦੇ ਮੈਂਬਰ ਯਿਸੂ ਦੇ ਖ਼ੁਦਾਈ ਦੇ ਦਾਅਵੇ ਤੇ ਭੜਕ ਉੱਠੇ: ''ਭਲਾ, ਫਿਰ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ?'' (ਲੂਕਾ 22:70)। ਉਸ ਨੇ ਜਵਾਬ ਦਿੱਤਾ, ''ਸਤ ਬਚਨ[22], ਮੈਂ ਉਹੋ ਹਾਂ'' (ਲੂਕਾ 22:70ਅ)। ਖੁਸ਼ ਹੋ ਕੇ, ਉਹ ਕਹਿਣ ਲੱਗੇ, ''ਹੁਣ ਸਾਨੂੰ ਗਵਾਹੀ ਦੀ ਹੋਰ ਕੀ ਲੋੜ ਹੈ;[23] ਕਿਉਂ ਜੋ ਅਸਾਂ ਆਪ ਉਸ ਦੇ ਮੂੰਹੋਂ ਸੁਣਿਆ ਹੈ'' (ਲੂਕਾ 22:71)।

ਇਕ ਦੂਜਾ ਮਸਲਾ ਵੀ ਸੁਲਝਾਉਣਾ ਜ਼ਰੂਰੀ ਸੀ।[24] ਉਨ੍ਹਾਂ ਨੇ ਯਿਸੂ ਤੇ ਖ਼ੁਦਾ ਨੂੰ ਕੁਫ਼ਰ ਬਕਣ ਦਾ ਇਲਜ਼ਾਮ ਲਾ ਕੇ ਮੌਤ ਦੀ ਸਜ਼ਾ ਦਿੱਤੀ ਸੀ (ਮੱਤੀ 26:65, 66), ਪਰ ਕਾਨੂੰਨੀ ਤੌਰ ਤੇ ਉਹ ਆਪ ਉਸ ਨੂੰ ਸਜ਼ਾ ਨਹੀਂ ਦੇ ਸਕਦੇ ਸਨ (ਯੂਹੰਨਾ 18:31)।[25] ਕਿਉਂਕਿ ਰੋਮੀ ਹਾਕਮ ਨੂੰ ਕੁਫ਼ਰ ਦੇ ਧਾਰਮਿਕ ਦੋਸ਼ ਨਾਲ ਕੋਈ ਲੈਣਾ ਦੇਣਾ ਨਹੀਂ ਸੀ, ਇਸ ਲਈ ਉਨ੍ਹਾਂ ਲਈ ਸਿਆਸੀ ਇਲਜ਼ਾਮ ਲਾਉਣਾ ਜ਼ਰੂਰੀ ਸੀ, ਜਿਸ ਨਾਲ ਉਹ ਅਧਿਕਾਰੀਆਂ ਨੂੰ ਪ੍ਰਭਾਵਿਤ ਕਰ ਸਕਦੇ। ਇਸ ਤਰ੍ਹਾਂ ਕਰਨ ਤੋਂ ਬਾਅਦ (ਵੇਖੋ ਲੂਕਾ 23:2), ''ਸਾਰੀ ਸਭਾ ਨੇ ਉੱਠ ਕੇ'' ''ਉਹਨੂੰ ਬੰਨ੍ਹ ਕੇ ਪਿਲਾਤੁਸ ਹਾਕਮ ਦੇ ਹਵਾਲੇ ਕੀਤਾ'' (ਲੂਕਾ 23:1; ਮੱਤੀ 27:2)।[26]

ਅਫ਼ਸੋਸ ਦੀ ਗੱਲ ਹੈ ਕਿ ਮਹਾਂਸਭਾ ਦਾ ਜਵਾਬ, ''ਅਸੀਂ ਉਸ ਤੇ ਦੋਸ਼ ਲਾਵਾਂਗੇ,'' ਅੱਜ ਵੀ ਸੁਣਾਈ ਦੇ ਰਿਹਾ ਹੈ। ਸਭਾ ਦੇ ਮੈਂਬਰਾਂ ਵਾਂਗ, ਕੁਝ ਲੋਕ ਇਸ ਸਬੂਤ ਤੇ ਸੰਜੀਦਗੀ ਨਾਲ ਵਿਚਾਰ ਕਰਨ ਨੂੰ ਤਿਆਰ ਨਹੀਂ ਹਨ ਕਿ ਯਿਸੂ ਸਚਮੁਚ ਖ਼ੁਦਾ ਦਾ ਪੁੱਤਰ ਹੈ। ਉਹ ਆਪਣੀ ਬੇਪਰਤੀਤੀ ਦੇ ਕਾਰਣ ਉਸ ਨੂੰ ਗਲੀਲ ਦੇ ਨਿਰਾਲੇ, ਘੱਟ ਪੜ੍ਹੇ ਲਿਖੇ ਅਤੇ ਘੁਮੱਕੜ ਪ੍ਰਚਾਰਕ ਦੇ ਰੂਪ ਵਿਚ ਮੰਨ ਕੇ ਉਸ ਦੀ ਜ਼ਿੰਦਗੀ ਨਾਲ ਸਬੰਧਤ ਬਾਈਬਲ ਦੇ ਤੱਥਾਂ ਦੀ ਧੱਜੀਆਂ ਉਡਾਉਂਦੇ ਹਨ। ਕਿਸੇ ਨੇ ਕਿਹਾ ਹੈ ਕਿ ਜੇ ਇਸ ਤਰ੍ਹਾਂ ਦਾ ਬੇਰੰਗ ਪਾਤਰ ਦੁਨੀਆਂ ਦੇ ਇਤਿਹਾਸ ਦਾ ਰੁਖ਼ ਬਦਲ ਸਕਦਾ ਹੈ, ਤਾਂ ਇਹ ਬਾਈਬਲ ਦੇ ਉਨ੍ਹਾਂ ਮੋਅਜਜ਼ਿਆਂ ਨਾਲੋਂ ਵੀ ਵੱਡਾ ਮੋਅਜਜ਼ਾ ਹੋਵੇਗਾ, ਜਿਨ੍ਹਾਂ ਨੂੰ ਨਾਸਤਿਕ ਲੋਕ ਨਕਾਰਦੇ ਹਨ! ਮੇਰੀ ਦੁਆ ਹੈ ਕਿ ਅਸੀਂ ਸਭ ਯਿਸੂ ਨੂੰ ਖ਼ੁਦਾ ਦੇ ਪੁੱਤਰ ਵਜੋਂ ਕਬੂਲ ਕਰੀਏ ਅਤੇ ਸਾਡੇ ਵਿੱਚੋਂ ਕੋਈ ਵੀ ਇਹ ਕਹਿਣ ਦਾ ਦੋਸ਼ੀ ਨਾ ਹੋਵੇ ਕਿ ''ਮੈਂ ਉਸ ਤੇ ਦੋਸ਼ ਲਾਵਾਂਗਾ।''

## ਪਿਲਾਤੁਸ ਦੀ ਦੁਵਿਧਾ

## (ਮੱਤੀ 27:11-14; ਮਰਕੁਸ 15:2-5; ਲੂਕਾ 23:1-7; ਯੂਹੰਨਾ 18:28-38)

ਮਹਾਂਸਭਾ ਦੇ ਨੁਮਾਇੰਦੇ ਯਿਸੂ ਨੂੰ ''ਪਿਲਾਤੁਸ ਦੇ ਕੋਲ'' ਲੈ ਗਏ (ਲੂਕਾ 23:1)। ਪੁੰਤਿਯੁਸ ਪਿਲਾਤੁਸ ਯਹੂਦੀਆ ਅਤੇ ਸਾਮਰੀਆ ਤੇ ਉਸ ਸਮੇਂ ਦਾ ਰੋਮੀ ਹਾਕਮ ਸੀ (ਲੂਕਾ 3:1)।[27] ਹਾਕਮ ਦੇ ਤੌਰ ਤੇ ਉਸ ਦਾ ਪ੍ਰਮੁੱਖ ਕੰਮ ਸ਼ਾਂਤੀ ਬਣਾਈ ਰੱਖਣਾ ਅਤੇ ਰੋਮ ਲਈ ਟੈਕਸ ਜਮ੍ਹਾ ਕਰਨਾ ਸੀ। ''ਲੋਕਾਂ ਦੇ ਆਪਣੇ ਇੰਤਜ਼ਾਮ ਨਾਲ ਕਿਸੇ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਦੀ ਪ੍ਰਵਾਨਗੀ ਦੇਣਾ ਅਤੇ

ਉਸ ਨੂੰ ਲਾਗੂ ਕਰਨਾ, ਇਸ ਮਾਮਲੇ ਵਿਚ ਮਹਾਂਸਭਾ ਦੀ ਉਸ ਦੀ ਨਾਪਸੰਦ ਜ਼ਿੰਮੇਵਾਰੀ ਵੀ ਸੀ।''[28]

ਹਾਲੇ ਦਿਨ ਚੜ੍ਹਿਆ ਹੀ ਸੀ[29] ਜਦੋਂ ਆਗੂ ਯਿਸੂ ਨੂੰ ਯਰੂਸ਼ਲਮ ਵਿਚ ਪਿਲਾਤੁਸ ਦੇ ਦਫ਼ਤਰ ਵਿਚ ਲੈ ਆਏ,[30] ਜਿਸ ਨੂੰ ''ਕਚਹਿਰੀ'' ਕਿਹਾ ਜਾਂਦਾ ਸੀ (ਯੂਹੰਨਾ 18:28)। ਇਸ ਨੂੰ ਲਤੀਨੀ ਭਾਸ਼ਾ ਵਿੱਚੋਂ ਲਏ ਗਏ ਯੂਨਾਨੀ ਸ਼ਬਦ ਵਿਚ ''ਪ੍ਰਿਟੋਰਿਉਮ'' ਕਿਹਾ ਗਿਆ ਹੈ। ਇਸ ਸਬਦ ਦੀ ਵਰਤੋਂ ਖ਼ਾਸ ਇਲਾਕੇ ਵਿਚ ਰੋਮੀ ਹਾਕਮ ਦੇ ਸਰਕਾਰੀ ਮਹਿਲ ਲਈ ਕੀਤੀ ਜਾਂਦੀ ਸੀ (ਵੇਖੋ ਰਸੂਲਾਂ ਦੇ ਕੰਮ 23:35)। ਬਾਈਬਲ ਤੋਂ ਬਾਹਰ ਦੀ ਰਵਾਇਤ ਮੁਤਾਬਿਕ ਯਰੂਸ਼ਲਮ ਦਾ ਪ੍ਰਿਟੋਰਿਉਮ ਹੈਕਲ ਦੇ ਅਹਾਤੇ ਦੇ ਉੱਤਰ ਪੱਛਮ ਵਿਚ ਅੰਟੋਨੀਆ ਦੇ ਕਿਲ੍ਹੇ ਵਿਚ ਸੀ।[31] ਅੱਜ ਕੁਝ ਲੋਕਾਂ ਦਾ ਮੰਨਣਾ ਹੈ ਕਿ ਪਿਲਾਤੁਸ ਸ਼ਹਿਰ ਦੇ ਪੱਛਮ ਵਿਚ ਹੇਰੋਦੇਸ ਮਹਾਨ ਦੇ ਮਹਿਲ ਵਿਚ ਰਹਿੰਦਾ ਹੋਵੇਗਾ,[32] ਪਰ ਹੋਰ ਰਵਾਇਤੀ ਥਾਂ ਨੂੰ ਹੀ ਪਹਿਲ ਦਿੰਦੇ ਹਨ। ਬਾਸਟਿਆਨ ਵੈਨਐਲਡਰੇਨ ਨੇ ਲਿਖਿਆ ਹੈ ਕਿ ''ਪਿਲਾਤੁਸ ਦੇ ਹੈਕਲ ਦੇ ਨੇੜੇ ਹੋਣ ਦੀ ਤਨਾਅ ਭਰੀ ਹਾਲਤ, ਪਸਾਹ ਦੇ ਸਮੇਂ ਦੀ ਮੁੱਖ ਗਤੀਵਿਧੀ, ਪਿਲਾਤੁਸ ਦੇ ਯਿਸੂ ਦੇ ਮੁਕੱਦਮੇ ਲਈ ਅੰਟੋਨੀਆ ਦੇ ਕਿਲ੍ਹੇ ਵਿਚ ਹੋਣ ਦਾ ਪੱਖ ਕਰਦੀ ਹੈ।''[33]

ਇਹ ਪ੍ਰਿਟੋਰਿਉਮ ਗੈਰ ਕੌਮਾਂ ਦਾ ਇਲਾਕਾ ਸੀ; ਯਹੂਦੀ ਯਾਜਕ ''ਆਪ ਕਚਹਿਰੀ ਦੇ ਅੰਦਰ ਨਾ ਗਏ ਭਈ ਕਿਤੇ ਭ੍ਰਿਸ਼ਟ ਨਾ ਹੋ ਜਾਣ[34] ਪਰ ਪਸਾਹ ਦਾ ਭੋਜਨ ਖਾ ਸਕਣ'' (ਯੂਹੰਨਾ 18:28)। ''ਪਸਾਹ ਦਾ ਭੋਜਨ'' ਪਿਛਲੇ ਦਿਨ ਦੀ ਸ਼ਾਮ ਨੂੰ ਖਾ ਲਿਆ ਗਿਆ ਸੀ (ਮੱਤੀ 26:17–19; ਮਰਕੁਸ 14:12, 14, 16; ਲੂਕਾ 22:8, 11, 13, 15), ਇਸ ਲਈ, ''ਪਸਾਹ'' ਇੱਥੇ ਅੱਠ ਦਿਨ ਤਕ ਚੱਲਣ ਵਾਲੇ ਪਰਬ ਦੇ ਸਬੰਧ ਵਿਚ ਖਾਧੇ ਜਾਣ ਵਾਲੇ ਹੋਰਨਾਂ ਭੋਜਨਾਂ ਨੂੰ ਕਿਹਾ ਗਿਆ ਹੋਵੇਗਾ।[35] ਕਪਟੀ ਆਗੂ ਬੇਕਸੂਰ ਨੂੰ ਮੌਤ ਦੀ ਸਜ਼ਾ ਦੇਣ ਵਿਚ ਝਿਜਕੇ ਨਹੀਂ, ਪਰ ਉਨ੍ਹਾਂ ਨੇ ''ਰਵਾਇਤੀ ਅਸ਼ੁੱਧਤਾ'' (ਯੂਹੰਨਾ 18:28; NIV) ਦਾ ਖ਼ਤਰਾ ਨਹੀਂ ਲਿਆ।

ਜਦੋਂ ਪਿਲਾਤੁਸ ਨੂੰ ਪਤਾ ਲੱਗਾ ਕਿ ਯਹੂਦੀਆਂ ਦਾ ਇਕ ਵਫ਼ਦ ਕਿਸੇ ਕੈਦੀ ਨੂੰ ਲਿਆਇਆ ਹੈ, ਤਾਂ ਬਾਹਰ ਨਿੱਕਲ ਕੇ ਉਨ੍ਹਾਂ ਕੋਲ ਜਾ ਕੇ ਕਹਿਣ ਲੱਗਾ, ''ਤੁਸੀਂ ਐਸ ਮਨੁੱਖ ਦੇ ਜੁੰਮੇ ਕੀ ਦੋਸ਼ ਲਾਉਂਦੇ ਹੋ?'' (ਯੂਹੰਨਾ 18:29)।[36] ਯਹੂਦੀ ਆਗੂਆਂ ਨੇ ਪਹਿਲਾਂ ਕੋਸ਼ਿਸ਼ ਕੀਤੀ ਕਿ ਹਾਕਮ ਉਨ੍ਹਾਂ ਦੇ ਕਹਿਣ ਤੇ ਯਿਸੂ ਨੂੰ ਮੌਤ ਦੀ ਸਜ਼ਾ ਦੇ ਦੇਵੇ (ਯੂਹੰਨਾ 18:30)। ਯਹੂਦੀਆਂ ਦਾ ਸਾਥ ਦੇਣਾ ਪਿਲਾਤੁਸ ਦੇ ਹੱਥ ਵਿਚ ਸੀ, ਪਰ ਉਹ ਕੁਝ ਜ਼ਿਆਦਾ ਹੀ ਮੰਗ ਰਹੇ ਸਨ। ਮੈਂ ਪਿਲਾਤੁਸ ਨੂੰ ਆਪਣਾ ਹੱਥ ਹਿਲਾਉਂਦੇ ਹੋਏ ਯਹੂਦੀਆਂ ਨੂੰ ਜਾਣ ਦੇ ਲਈ ਕਹਿਣ ਦੀ ਕਲਪਨਾ ਕਰ ਸਕਦਾ ਹਾਂ, ''ਤੁਸੀਂ ਆਪੇ ਇਹ ਨੂੰ ਲੈ ਜਾਓ ਅਤੇ ਆਪਣੀ ਸਜ਼ਾ ਅਨੁਸਾਰ ਉਹ ਦਾ ਨਿਬੇੜਾ ਕਰੋ'' (ਯੂਹੰਨਾ 18:31)।

ਆਗੂ ਨੇ ਝੱਟ ਹਾਕਮ ਨੂੰ ਦੱਸਿਆ ਕਿ ਉਹ ਯਿਸੂ ਨੂੰ ਕਿਉਂ ਉਸ ਦੇ ਕੋਲ ਲਿਆਏ ਹਨ: ''ਕਿਸੇ ਨੂੰ ਕਤਲ ਕਰਨਾ ਸਾਡੇ ਵੱਸ ਨਹੀਂ'' (ਯੂਹੰਨਾ 18:31)। ਯਹੂਦੀਆਂ ਨੂੰ ਕੁਝ ਖ਼ਾਸ ਅਧਿਕਾਰ ਮਿਲੇ ਹੋਏ ਸਨ,[37] ਪਰ ''ਰੋਮੀ ਸਰਕਾਰ ਨੇ ਜ਼ਿੰਦਗੀ ਅਤੇ ਮੌਤ ਦਾ ਇਖ਼ਤਿਆਰ ਆਪਣੇ ਕੋਲ ਹੀ ਰੱਖਿਆ ਸੀ।''[38] ਯੂਹੰਨਾ ਨੇ ਧਿਆਨ ਦੁਆਇਆ ਕਿ ਇਸ ਸਥਿਤੀ ਨਾਲ ਆਪਣੀ ਮੌਤ ਬਾਰੇ ਕਹੀ ਗਈ ਯਿਸੂ ਦੀ ਗੱਲ ਪੂਰੀ ਹੋ ਸਕੀ (ਯੂਹੰਨਾ 18:32)। ਯਹੂਦੀਆਂ ਦਾ ਪਸੰਦੀਦਾ ਮੌਤ ਦੀ ਸਜ਼ਾ ਦੇਣ ਦਾ ਢੰਗ ਪਥਰਾਅ ਕਰਨ ਦਾ ਸੀ (ਵੇਖੋ ਰਸੂਲਾਂ ਦੇ ਕੰਮ 7:58), ਪਰ ਰੋਮੀ ਲੋਕ ਮੁਜਰਮ ਨੂੰ ਸੂਲੀ ਤੇ ਚੜ੍ਹਾ ਕੇ ਮਾਰਨ ਨੂੰ ਪਹਿਲ ਦਿੰਦੇ ਸਨ। ਜਦੋਂ ਸਭਾ ਮਸੀਹ ਨੂੰ ਪਿਲਾਤੁਸ ਦੇ ਕੋਲ ਲੈ ਕੇ ਗਈ, ਤਾਂ ਉਨ੍ਹਾਂ ਨੇ ਅਨਜਾਣੇ ਵਿਚ ਯਿਸੂ ਦੀ ਨਬੂਵਤ ਨੂੰ ਪੂਰਾ ਕਰ ਦਿੱਤਾ ਕਿ ਉਹ ਪਰਾਈਆਂ ਕੌਮਾਂ ਦੇ ਹੱਥੋਂ ਸਲੀਬ ਤੇ ਚੜ੍ਹਾ ਕੇ ਮਾਰਿਆ ਜਾਵੇਗਾ (ਯੂਹੰਨਾ 12:32–34; ਵੇਖੋ ਮੱਤੀ 20:18, 19; ਮਰਕੁਸ 10:33, 34)।

''ਮੌਤ'' ਸ਼ਬਦ ਨਾਲ ਹਾਕਮ ਦਾ ਧਿਆਨ ਖਿੱਚਿਆ ਹੋਵੇਗਾ; ਇਹ ਮੌਤ ਦੀ ਸਜ਼ਾ ਦਾ ਮਾਮਲਾ

ਸੀ। ਮੈਂ ਉਸ ਨੂੰ ਮਸੀਹ ਨੂੰ ਗੌਰ ਨਾਲ ਵੇਖਣ ਦੀ ਕਲਪਨਾ ਕਰਦਾ ਹਾਂ। ਹਾਕਮ ਨੇ ਯਿਸੂ ਬਾਰੇ ਸੁਣਿਆ ਹੋਵੇਗਾ।[39] ਆਪਣੀ ਸੇਵਕਾਈ ਦੇ ਦੌਰਾਨ ਮਸੀਹ ਯਹੂਦੀਆਂ ਵਿਚ (ਪਿਲਾਤੁਸ ਦੇ ਇਲਾਕੇ ਵਿਚ) ਦੋ ਵਾਰ ਗਿਆ ਸੀ।[40] ਪੰਜ ਦਿਨ ਪਹਿਲਾਂ ਯਰੂਸ਼ਲਮ ਵਿਚ ਉਸ ਦਾ ਨਾਟਕੀ ਰੂਪ ਵਿਚ ਆਉਣਾ ਅਤੇ ਉਸ ਦੇ ਬਾਅਦ ਯਹੂਦੀ ਅਧਿਕਾਰੀਆਂ ਨਾਲ ਟਕਰਾਅ, ਯਕੀਨਨ ਹੀ ਸਾਰੇ ਲੋਕਾਂ ਨੂੰ ਪਤਾ ਹੋਵੇਗਾ। ਇਸ ਤੋਂ ਪਹਿਲੀ ਰਾਤ, ਪਿਲਾਤੁਸ ਦੇ ਸਿਪਾਹੀਆਂ ਨੂੰ ਯਿਸੂ ਦੀ ਗਿਰਫ਼ਤਾਰੀ ਵਿਚ ਮਦਦ ਲਈ ਲਾਇਆ ਗਿਆ ਸੀ। ਮੈਂ ਇਸ ਹਾਕਮ ਦੇ ਮਨ ਵਿਚ ਉਠਣ ਵਾਲੇ ਵਿਚਾਰਾਂ ਦੀ ਕਲਪਨਾ ਕਰ ਸਕਦਾ ਹਾਂ: ''ਅਖਿਰ ਇਹ ਸ਼ਖ਼ਸ ਹੈ ਕੌਣ?''

ਆਗੂਆਂ ਨੇ ਪਿਲਾਤੁਸ ਦੇ ਸਾਹਮਣੇ ਮਨਘੜਤ ਤਿੰਨ ਇਲਜ਼ਾਮ ਪੇਸ਼ ਕਰ ਦਿੱਤੇ: ''ਅਸਾਂ ਇਹ ਨੂੰ ਸਾਡੀ ਕੌਮ ਨੂੰ ਭਰਮਾਉਂਦਿਆਂ ਅਤੇ ਕੈਸਰ ਨੂੰ ਮਾਮਲਾ ਦੇਣ ਤੋਂ ਮਨ੍ਹਾਂ ਕਰਦਿਆਂ ਅਤੇ ਆਪਣੇ ਆਪ ਨੂੰ ਮਸੀਹ ਬਾਦਸ਼ਾਹ ਕਹਿੰਦਿਆਂ ਡਿੱਠਾ'' (ਲੂਕਾ 23:2)। ਪਹਿਲੀ ਸ਼ਿਕਾਇਤ ਤਾਂ ਅਸਪੱਸ਼ਟ ਸੀ, ਦੂਜੀ ਝੂਠੀ (ਮੱਤੀ 22:17–21), ਅਤੇ ਤੀਜੀ ਗੁਮਰਾਹ ਕਰਨ ਵਾਲੀ ਸੀ ਕਿ ਯਿਸੂ ਬਾਦਸ਼ਾਹ ਹੈ (ਮੱਤੀ 2:2; 21:5; 27:11), ਪਰ ਸਿਆਸੀ ਅਰਥ ਵਿਚ ਨਹੀਂ। ਮਸੀਹ ਨੇ ਲਾਏ ਗਏ ਇਲਜ਼ਾਮਾਂ ਖ਼ਿਲਾਫ਼ ਆਪਣਾ ਬਚਾਅ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਜਿਸ ਨਾਲ ਇਹ ਹਾਕਮ ਹੈਰਾਨ ਸੀ (ਮੱਤੀ 27:12–14; ਮਰਕੁਸ 15:4, 5; ਵੇਖੋ ਯਸਾਯਾਹ 53:7)।

ਪਿਲਾਤੁਸ ਨੇ ਆਪਣੀ ਕਚਹਿਰੀ ਵਿਚ ਜਾ ਕੇ ਯਿਸੂ ਨੂੰ ਆਪਣੇ ਸਾਹਮਣੇ ਬੁਲਾਇਆ (ਯੂਹੰਨਾ 18:33)। ਹਾਕਮ ਨੂੰ ਇਸ ਇਲਜ਼ਾਮ ਦੀ ਚਿੰਤਾ ਸੀ ਕਿ ਯਿਸੂ ਨੇ ਬਾਦਸ਼ਾਹ ਹੋਣ ਦਾ ਦਾਅਵਾ ਕੀਤਾ ਸੀ ਜਾਂ ਨਹੀਂ। ਪਿਲਾਤੁਸ ਨੇ ਪੁੱਛਿਆ, ''ਭਲਾ, ਯਹੂਦੀਆਂ ਦਾ ਬਾਦਸ਼ਾਹ ਤੂੰ ਹੈਂ?'' (ਮੱਤੀ 27:11; ਵੇਖੋ ਯੂਹੰਨਾ 18:33)। ਮਸੀਹ ਨੇ ਇਸ ਦਾ ਹਾਂ ਵਿਚ ਜਵਾਬ ਦਿੱਤਾ, ''ਤੂੰ ਸੱਚ ਆਖਿਆ ਹੈ'' (ਮੱਤੀ 27:11; ਮਰਕੁਸ 15:2; ਵੇਖੋ 1 ਤਿਮੋਥਿਉਸ 6:13)।[41]

ਯਿਸੂ ਨੇ ਫਿਰ ਪਿਲਾਤੁਸ ਕੋਲੋਂ ਇਕ ਸਵਾਲ ਪੁੱਛਿਆ: ''ਕੀ ਤੂੰ ਇਹ ਗੱਲ ਆਪੇ ਆਖਦਾ ਹੈਂ ਜਾਂ ਹੋਰਨਾ ਮੇਰੇ ਵਿਖੇ ਤੈਨੂੰ ਦੱਸੀ ਹੈ?'' (ਯੂਹੰਨਾ 18:34)। ਉਹ ਉਸ ਹਾਕਮ ਨੂੰ ਇਲਜ਼ਾਮ ਲਾਉਣ ਵਾਲੇ ਤੇ ਵਿਚਾਰ ਕਰਨ ਲਈ ਕਹਿ ਰਿਹਾ ਹੋਵੇਗਾ।[42] ਜੇ ਕਿਸੇ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਯਿਸੂ ਰੋਮੀ ਸ਼ਾਂਤੀ ਲਈ ਖ਼ਤਰਾ ਹੈ ਜਾਂ ਨਹੀਂ ਤਾਂ ਉਹ ਹਾਕਮ ਹੀ ਸੀ। ਦੂਜੇ ਪਾਸੇ ਜੇ ਉਹ ਇਲਜ਼ਾਮ ਯਹੂਦੀ ਆਗੂਆਂ ਨੇ ਲਾਇਆ ਸੀ, ਤਾਂ ਇਹ ਸ਼ੱਕੀ ਸੀ। ਮਹਾਂਸਭਾ ਨੂੰ ਸ਼ਾਇਦ ਹੀ ਰੋਮੀ ਸਲਤਨਤ ਦੀ ਬੇਹਤਰੀ ਦੀ ਫ਼ਿਕਰ ਹੋਵੇਗੀ।

ਪਿਲਾਤੁਸ ਨੇ ਮੰਨਿਆ ਕਿ ਇਹ ਇਲਜ਼ਾਮ ਯਹੂਦੀਆਂ ਵੱਲੋਂ ਸੀ ਅਤੇ ਉਸ ਨੇ ਯਿਸੂ ਨੂੰ ਇਹ ਦੱਸਣ ਦੇ ਲਈ ਕਿਹਾ ਕਿ ਉਨ੍ਹਾਂ ਨੇ ਇਹ ਇਲਜ਼ਾਮ ਕਿਉਂ ਲਾਇਆ (ਯੂਹੰਨਾ 18:35)। ਮਸੀਹ ਨੇ ਸਵਾਲ ਦਾ ਜਵਾਬ ਦਿੱਤਾ, ਪਰ ਉਸ ਨੂੰ ਰੋਮੀ ਹਾਕਮ ਸਮਝ ਨਹੀਂ ਸਕਿਆ ਉਸ ਨੇ ਕਿਹਾ, ''ਮੇਰੀ ਬਾਦਸ਼ਾਹੀ ਇਸ ਜਗਤ ਤੋਂ ਨਹੀਂ'' (ਯੂਹੰਨਾ 18:36)। ਵੱਡੀ ਦਿੱਕਤ ਇਹੀ ਸੀ ਕਿ ਯਿਸੂ ''ਇਸ ਜਗਤ ਦਾ'' ਤਲਵਾਰ ਚਲਾਉਣ ਵਾਲਾ ਬਾਦਸ਼ਾਹ, ਭਾਵ ਸਿਆਸੀ ਰਾਜਾ ਬਣ ਕੇ ਨਹੀਂ ਆਇਆ ਸੀ, ਜਿਸ ਦੀ ਯਹੂਦੀਆਂ ਨੂੰ ਉਮੀਦ ਸੀ, ਜਿਸ ਕਰਕੇ ਉਨ੍ਹਾਂ ਨੇ ਉਸ ਨੂੰ ਰੱਦ ਦਿੱਤਾ (ਮੱਤੀ 21:42)।

ਯਿਸੂ ਨੇ ਇਹ ਸਬੂਤ ਦਿੱਤਾ ਕਿ ਉਸ ਦਾ ਰਾਜ ''ਇਸ ਜਗਤ ਤੋਂ ਨਹੀਂ'' ਹੈ; ''ਜੇ ਮੇਰੀ ਬਾਦਸ਼ਾਹੀ ਇਸ ਜਗਤ ਤੋਂ ਹੁੰਦੀ ਤਾਂ ਮੇਰੇ ਨੌਕਰ ਲੜਦੇ ਜੋ ਮੈਂ ਯਹੂਦੀਆਂ ਦੇ ਹਵਾਲੇ ਨਾ ਕੀਤਾ ਜਾਂਦਾ ਪਰ ਹੁਣ ਮੇਰੀ ਬਾਦਸ਼ਾਹੀ ਤਾਂ ਐਥੋਂ ਦੀ ਨਹੀਂ'' (ਯੂਹੰਨਾ 18:36)।[43] ਘਬਰਾਏ ਹੋਏ, ਪਿਲਾਤੁਸ ਨੇ ਆਪਣਾ ਸਵਾਲ ਦੁਹਰਾਇਆ: ''ਤਾਂ ਫੇਰ ਤੂੰ ਬਾਦਸ਼ਾਹ ਹੈਂ?'' (ਯੂਹੰਨਾ 18:37)। ਯਿਸੂ ਨੇ ਜਵਾਬ ਦਿੱਤਾ, ''ਸਤ ਬਚਨ, ਮੈਂ ਬਾਦਸ਼ਾਹ ਹੀ ਹਾਂ। ਮੈਂ ਇਸੇ ਲਈ ਜਨਮ ਪਾਇਆ ਅਤੇ ਇਸੇ ਲਈ ਜਗਤ ਵਿਚ ਆਇਆ ਹਾਂ ਭਈ ਸਚਿਆਈ ਉੱਤੇ ਸਾਖੀ ਦਿਆਂ। ਹਰੇਕ ਜੋ ਸਚਿਆਈ

ਦਾ ਹੈ ਮੇਰਾ ਵਚਨ ਸੁਣਦਾ ਹੈ'' (ਯੂਹੰਨਾ 18:37ਅ)।

ਪਿਲਾਤੁਸ ਨੂੰ ਯਿਸੂ ਦੇ *ਸਰਮਨ* ਦੇ ਰੂਪ ਵਿਚ ਨਿਆਈਂ ਅਤੇ ਦੋਸ਼ੀ ਦਰਮਿਆਨ ਗੱਲਬਾਤ ਤੇ ਵਿਚਾਰ ਕਰੋ: ਹਾਕਮ ਨੂੰ ਗੰਭੀਰਤਾ ਨਾਲ ਵਿਚਾਰ ਕਰਨ ਦੀ ਅਪੀਲ ਕੀਤੀ ਕਿ ਉਹ ਕੌਣ ਸੀ ਜੋ ਕਿ ਪਿਲਾਤੁਸ ਲਈ ਆਪਣੀ ਜ਼ਿੰਮੇਵਾਰੀ ਬਦਲ ਕੇ ਮੁਕਤੀ ਪਾਉਣ ਦਾ ਮੌਕਾ ਸੀ। ਅਫ਼ਸੋਸ, ਦੁਨਿਆਵੀ ਬੁੱਧ ਵਾਲੇ ਹਾਕਮ ਨੇ ਹੁਣੇ ਹੁਣੇ ਪੁੱਛਿਆ ਸੀ, ''ਸਚਿਆਈ ਹੁੰਦੀ ਕੀ ਹੈ?''[44] ਅਤੇ ਇਹ ਕਹਿ ਕੇ ਉੱਥੋਂ ਨਿਕਲ ਗਿਆ (ਯੂਹੰਨਾ 18:38)। ਫ੍ਰਾਂਸਿਸ ਬੇਕਰ ਨੇ ਲਿਖਿਆ ਹੈ, ''ਮਸਖਰੀ ਵਿਚ ਪਿਲਾਤੁਸ ਨੇ ਕਿਹਾ, ਸਚਿਆਈ ਹੁੰਦੀ ਕੀ ਹੈ? ਪਰ ਜਵਾਬ ਸੁਣਨ ਲਈ ਰੁਕਿਆ ਨਹੀਂ।''[45]

ਪਿਲਾਤੁਸ ਨੂੰ ਇਹ ਤਾਂ ਪਤਾ ਨਹੀਂ ਲੱਗਾ ਕਿ ਯਿਸੂ ਕੌਣ ਸੀ, ਪਰ ਉਸ ਨੂੰ ਇਹ ਸਮਝ ਆ ਗਈ ਕਿ ਉਸ ਨੇ ਮੌਤ ਦੀ ਸਜ਼ਾ ਲਾਇਕ ਕੋਈ ਕੰਮ ਨਹੀਂ ਕੀਤਾ ਸੀ। ਬਾਹਰ ਜਾ ਕੇ ਇਸ ਹਾਕਮ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ: ''ਮੈਂ ਉਹ ਦਾ ਕੋਈ ਦੋਸ਼ ਨਹੀਂ ਵੇਖਦਾ'' (ਯੂਹੰਨਾ 18:38)। ਜੇ ਪਿਲਾਤੁਸ ਨੂੰ ਲੱਗਾ ਕਿ ਉਸ ਦੇ ਫ਼ੈਸਲੇ ਨਾਲ ਯਿਸੂ ਦੇ ਦੁਸ਼ਮਣ ਸ਼ਾਂਤ ਹੋ ਜਾਣਗੇ, ਤਾਂ ਉਸ ਨੇ ਉਨ੍ਹਾਂ ਨੂੰ ਗਲਤ ਸਮਝਿਆ ਸੀ। ਉਨ੍ਹਾਂ ਦੀ ਅਵਾਜ਼ ਬਗ਼ਾਵਤ ਦਾ ਇਲਜ਼ਾਮ ਲਾਉਂਦੇ ਹੋਏ ਹੋਰ ਉੱਚੀ ਹੁੰਦੀ ਜਾ ਰਹੀ ਸੀ ਕਿ ''ਉਹ ਗਲੀਲ ਤੋਂ ਲੈ ਕੇ ਐਥੋਂ ਤੋੜੀ ਸਾਰੇ ਯਹੂਦੀਆ ਵਿਚ ਸਿਖਲਾਉਂਦਾ ਹੋਇਆ ਲੋਕਾਂ ਨੂੰ ਚੁੱਕਦਾ ਹੈ'' (ਲੂਕਾ 23:5)।

ਉਨ੍ਹਾਂ ਦੇ ਰੌਲੇ ਨਾਲ ਪਿਲਾਤੁਸ ਦੁਵਿਧਾ ਵਿਚ ਪੈ ਗਿਆ। ਇਕ ਪਾਸੇ ਤਾਂ, ਉਸ ਨੇ ਯਿਸੂ ਨੂੰ ''ਨਿਰਦੋਸ਼'' ਐਲਾਨ ਦਿੱਤਾ ਸੀ, ਜਿਸ ਕਾਰਣ ਉਸ ਨੂੰ ਝੱਟ ਉਸ ਨੂੰ ਛੱਡ ਦੇਣਾ ਜ਼ਰੂਰੀ ਸੀ। ਦੂਜੇ ਪਾਸੇ, ਉਹ ਯਹੂਦੀਆਂ ਨੂੰ ਹੋਰ ਕ੍ਰੋਧਿਤ ਨਹੀਂ ਕਰਨਾ ਚਾਹੁੰਦਾ ਸੀ। ਇਹ ਸਮਝਣ ਲਈ ਕਿ ਪਿਲਾਤੁਸ ਨੇ ਇਸ ਤਰ੍ਹਾਂ ਆਪਣੇ ਆਪ ਨੂੰ ਮੁਸ਼ਕਿਲ ਵਿਚ ਫਸਾਇਆ, ਕੁਝ ਪਿਛੋਕੜ ਦਾ ਪਤਾ ਹੋਣਾ ਜ਼ਰੂਰੀ ਹੈ। ਹਾਕਮ ਦੇ ਸਭ ਤੋਂ ਖਾਸ ਕੰਮਾਂ ਵਿੱਚੋਂ ਇਕ ਸ਼ਾਂਤੀ ਕਾਇਮ ਰੱਖਣਾ ਸੀ, ਪਰ ਯਹੂਦੀਆਂ ਵਿਚ ਪਿਲਾਤੁਸ ਪ੍ਰਬੰਧ ਲਈ ਝਗੜਿਆਂ, ਦੰਗਿਆਂ ਅਤੇ ਖ਼ੂਨ-ਖ਼ਰਾਬੇ ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ (ਵੇਖੋ ਲੂਕਾ 13:1)। ਇਕ ਹੋਰ ਵੱਡੀ ਗੜਬੜ ਹੋਣ ਨਾਲ ਉਸ ਨੂੰ ਰੋ ਵਿਚ ਵਾਪਸ ਸੱਦਿਆ ਜਾ ਸਕਦਾ ਸੀ। ਇਸ ਲਈ ਪਿਲਾਤੁਸ ਲਈ ਯਹੂਦੀਆਂ ਨੂੰ ਖੁਸ਼ ਰੱਖਣਾ ਹਰ ਹਾਲ ਵਿਚ ਸਿਆਸੀ ਮਜਬੂਰੀ ਸੀ।

ਪਿਲਾਤੁਸ ਪਹਿਲਾ ਸ਼ਖ਼ਸ ਨਹੀਂ ਸੀ, ਨਾ ਹੀ ਉਸ ਨੇ ਆਖ਼ਰੀ ਹੋਣਾ ਸੀ, ਜਿਸ ਲਈ ਯਿਸੂ ਬਾਰੇ ਫ਼ੈਸਲਾ ਲੈ ਕੇ ਉਸ ਵਿਚ ਬਣੇ ਰਹਿਣਾ ਔਖਾ ਸੀ। ਅੱਜ ਬਹੁਤ ਸਾਰੇ ਲੋਕਾਂ ਨੂੰ ਪਤਾ ਹੈ ਕਿ ਪ੍ਰਭੂ ਲਈ ਫ਼ੈਸਲਾ ਲੈਣਾ ਜ਼ਰੂਰੀ ਹੈ, ਪਰ ਫਿਰ ਵੀ ਸਹੀ ਕੰਮ ਕਰਨ ਲਈ ਉਨ੍ਹਾਂ ਵਿਚ ਹਿੰਮਤ ਦੀ ਕਮੀ ਹੈ। ਉਹ ਪਰਿਵਾਰ ਜਾਂ ਮਿੱਤਰਾਂ ਨਾਲ ਕੰਮ ਕਰਨ ਵਾਲਿਆਂ ਨੂੰ ਆਪਣੇ ਖ਼ਿਲਾਫ਼ ਨਹੀਂ ਕਰਨਾ ਚਾਹੁੰਦੇ। ਜੇ ਅੱਜ ਏਲੀਯਾਹ ਜ਼ਿੰਦਾ ਹੁੰਦਾ ਤਾਂ ਉਹ ਲੜਖੜਾਉਣ ਵਾਲਿਆਂ ਨੂੰ ਇਹੀ ਚੁਣੌਤੀ ਦਿੰਦਾ: ''ਤੁਸੀਂ ਕਦ ਤੀਕ ਦੋ ਖਿਆਲਾਂ ਉੱਤੇ ਲੰਗੜਾ ਕੇ ਚੱਲੋਗੇ? ਜੇ ਯਹੋਵਾਹ ਪਰਮੇਸ਼ੁਰ ਹੈ ਤਾਂ *ਉਹ ਦੇ ਮਗਰ ਲੱਗੋ*! '' (ਵੇਖੋ 1 ਰਾਜਿਆਂ 18:21)।

ਯਹੂਦੀ ਆਗੂਆਂ ਨੇ ਸੰਕੇਤ ਦਿੱਤਾ ਸੀ ਕਿ ਯਿਸੂ ਨੇ ''ਗਲੀਲ ਤੋਂ ਲੈ ਕੇ'' (ਲੂਕਾ 23:5) ਲੋਕਾਂ ਨੂੰ ਭੜਕਾ ਦਿੱਤਾ ਹੈ। ਜਦੋਂ ਪਿਲਾਤੁਸ ਨੇ ਇਹ ਸੁਣਿਆ ਤਾਂ ਉਸ ਨੂੰ ਲੱਗਾ ਕਿ ਉਸ ਦੀ ਦੁਵਿਧਾ ਦਾ ਹੱਲ ਮਿਲ ਗਿਆ ਹੈ: ''ਉਸ ਨੇ ਪੁੱਛਿਆ, ਕੀ ਇਹ ਮਨੁੱਖ ਗਲੀਲੀ ਹੈ? ਅਤੇ ਉਸ ਨੇ ਮਲੂਮ ਕੀਤਾ ਜੋ ਉਹ ਹੇਰੋਦੇਸ ਦੇ ਇਲਾਕੇ ਦਾ ਹੈ *[ਵੇਖੋ ਲੂਕਾ 3:1]*, ਤਾਂ ਉਸ ਨੂੰ ਹੇਰੋਦੇਸ ਕੋਲ ਜਿਹੜਾ ਆਪ ਉਨ੍ਹੀਂ ਦਿਨੀਂ ਯਰੂਸ਼ਲਮ ਵਿਚ ਸੀ ਘੱਲਿਆ'' (ਲੂਕਾ 23:6, 7)। ਪਰ ਜਿਵੇਂ ਕਿ ਅਸੀਂ ਵੇਖਾਂਗੇ, ਪਿਲਾਤੁਸ ਨੇ ਉਸ ਦੀ ਮੁਸ਼ਕਿਲ ਹੱਲ ਨਹੀਂ ਕੀਤੀ, ਬਲਕਿ ਇਸ ਨੂੰ ਵਧਾਇਆ ਹੀ। ''ਮੈਂ ਯਿਸੂ ਨੂੰ ਕੀ ਕਰਾਂ?'' ਸਵਾਲ ਤੋਂ ਭੱਜਣ ਦਾ ਕੋਈ ਤਰੀਕਾ ਨਹੀਂ ਹੈ।

## ਸਾਰ

ਇਸ ਪਾਠ ਦੇ ਦੂਜੇ ਭਾਗ ਵਿਚ ਯਿਸੂ ਦੀਆਂ ਰੋਮੀ ਪੇਸ਼ੀਆਂ ਦਾ ਆਪਣਾ ਅਧਿਐਨ ਪੂਰਾ ਕਰਾਂਗੇ, ਪਰ ਅਸੀਂ ਇਸ ਗੱਲ ਤੋਂ ਇੰਨਾ ਪ੍ਰਭਾਵਿਤ ਹੋ ਗਏ ਜਾਪਦੇ ਹਾਂ ਕਿ ਮਸੀਹ ਦਾ ਸਾਹਮਣਾ ਕਰਨ ਆਏ ਹਰ ਸ਼ਖ਼ਸ ਨੂੰ ਇਹ ਫ਼ੈਸਲਾ ਲੈਣਾ ਪਵੇਗਾ ਕਿ ਉਸ ਦੇ ਨਾਲ ਕੀ ਕਰੇ। ਅਖ਼ੀਰ ਵਿਚ, ਮੈਂ ਤੁਹਾਨੂੰ ਵੀ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਤੁਸੀ ਵੀ ਕੋਈ ਫ਼ੈਸਲਾ ਜ਼ਰੂਰ ਲਓ। ਬਹੁਤ ਪਹਿਲਾਂ ਦੀ ਗੱਲ ਹੈ, ਮਸੀਹ ਪਿਲਾਤੁਸ ਦੇ ਸਾਮਹਣੇ ਖਲੋਤਾ ਸੀ ਅਤੇ ਜਿਵੇਂ ਕਿ ਤੁਸੀਂ ਉਸ ਦੀ ਜ਼ਿੰਦਗੀ ਦਾ ਅਧਿਐਨ ਕੀਤਾ ਹੈ, ਅਸਲ ਵਿਚ ਹੁਣ ਉਹ ਤੁਹਾਡੇ ਸਾਹਮਣੇ ਖਲੋਤਾ ਹੈ। *ਹੁਣ* ''ਮੈਂ ਯਿਸੂ ਨੂੰ ਕੀ ਕਰਾਂ'' ਸਵਾਲ ਦਾ ਜਵਾਬ *ਤੁਸਾਂ* ਦੇਣਾ ਹੈ।

ਤੁਸੀਂ ਯਿਸੂ ਨੂੰ ਕੀ ਕਰੋਗੇ?
ਸਵਾਲ ਆਪ ਤੁਹਾਨੂੰ ਹੀ ਹੈ!
ਅਤੇ ਤੁਹਾਨੂੰ ਹੀ ਜਵਾਬ ਦੇਣਾ ਪਵੇਗਾ,
ਕਿਉਂਕਿ ਕੁਝ ਤਾਂ ਕਰਨਾ ਹੀ ਹੈ।

''ਤੁਸੀਂ ਯਿਸੂ ਨੂੰ ਕੀ ਕਰੋਗੇ?''
ਦਿਨ ਰਾਤ ਇਹੀ ਸਵਾਲ ਆਉਂਦਾ ਹੈ;
ਵਿੰਨ੍ਹੇ ਹੋਏ ਹੱਥ ਉਠਾਓ,
ਉਹ ਉਡੀਕਦਾ ਹੈ*[ ; ]* ਤੁਹਾਡਾ ਜਵਾਬ ਕੀ ਹੈ?

ਤੁਸੀਂ ਕੀ ਕਰੋਗੇ?
ਤੁਸੀਂ ਕੀ ਕਰੋਗੇ?
ਤੁਹਾਡਾ ਜਵਾਬ ਕੀ ਹੋਵੇਗਾ?
ਤੁਸੀਂ ਯਿਸੂ ਨੂੰ ਕੀ ਕਰੋਗੇ?
ਹਾਂ, ਤੁਹਾਡਾ ਜਵਾਬ ਕੀ ਹੋਵੇਗਾ?[46]

## ਨੋਟਸ

ਜੇ ਤੁਸੀਂ ''ਵੱਟ ਵਿਲ ਯੂ ਡੂ ਵਿਦ ਜੀਜ਼ਸ'' ਗੀਤ ਤੋਂ ਵਾਕਫ਼ ਹੋ ਤਾਂ ਤੁਸੀਂ ਦੋ ਭਾਗਾਂ ਵਾਲੇ ਇਸ ਪਾਠ ਦੇ ਸਬੰਧ ਵਿਚ ਉਸ ਦੀ ਵਰਤੋਂ ਕਰ ਸਕਦੇ ਹੋ। ਵਿਲੀਅਮ ਬੈਨੋਵਸਕੀ ਦੇ ਸਰਮਨ ''ਅਟੱਲ ਮਸੀਹ,'' ਵਿਚ ਜੋ ''ਸਲੀਬ ਬਾਰੇ ਫ਼ੈਸਲੇ'': ਸਚਿਆਈ ਜਾਂ ਰੀਤ, ਮਸੀਹ ਜਾਂ ਭੀੜ, ਅੰਤਹਕਰਣ ਜਾਂ ਕੈਸਰ, ਮਸੀਹ ਜਾਂ ਖ਼ੁਦ, ਇਕਰਾਰ ਜਾਂ ਸਲੀਬ ਤੇ ਅਧਾਰਿਤ ਹੈ, ਵਿਚ ਇਹੀ ਢੰਗ ਮਿਲਦਾ ਹੈ।[47]

''*ਤੁਹਾਡਾ* ਫ਼ੈਸਲਾ ਕੀ ਹੈ?'' ਸਰਮਨ ਦੋ ਭਾਗਾਂ ਵਾਲੇ ਇਸ ਪਾਠ ਦੇ ਫ਼ਾਲੋਅੱਪ ਦੇ ਇਰਾਦੇ ਨਾਲ ਬਣਾਇਆ ਗਿਆ। ਜੇ ਤੁਸੀਂ ਇਸ ਪਾਠ ਨੂੰ ਦੋ ਕਲਾਸਾਂ ਵਿਚ ਵਰਤਦੇ ਹੋ ਤਾਂ ਇਕ ਵਾਧੂ ਫਾਲੋਅਪ ਸਰਮਨ ਦੀ ਲੋੜ ਪੈ ਸਕਦੀ ਹੈ। ਅਜਿਹੇ ਸਰਮਨ ਲਈ ਇੱਥੇ ਅਤੇ ਅਗਲੇ ਪਾਠ ਦੇ ਬਾਅਦ ਕਈ ਨੋਟਸ ਵਿਚ ਕਈ ਵਿਚਾਰ ਮਿਲਦੇ ਹਨ।

ਪਤਰਸ ਦੁਆਰਾ ਯਿਸੂ ਦੇ ਇਨਕਾਰ ਦਾ ਵਰਣਨ ਮੇਰੇ ਸਰਮਨਾਂ ਦਾ ਆਧਾਰ ਹੁੰਦਾ ਹੈ ਇਕ ਮਤਗਣਨਾ ਮੁਤਾਬਿਕ, ਬਾਈਬਲ ਦੇ ਵਿਦਿਆਰਥੀਆਂ ਦੀ ਇਹ ਪਸੰਦੀਦਾ ਕਹਾਣੀ ਹੈ। ਇਸ ਕਹਾਣੀ ਦਾ ਇਕ ਹੋਮਿਲਿਟਿਕ ਢੰਗ ਪਤਰਸ ਦੇ ਕਦਮ ਹੇਠਾਂ ਜਾਣ ਨੂੰ ਵਿਖਾਉਣਾ ਹੈ, ਜੋ ਉਸ ਦੇ ਪ੍ਰਭੂ ਦਾ ਇਨਕਾਰ ਕਰਨ ਦਾ ਕਾਰਣ ਬਣੇ; ਇਸ ਦੀ ਤੁਲਨਾ ਉਸ ਦੇ ਵਾਪਸ ਆਉਣ ਦੇ ਲਈ ਅੱਗੇ ਨੂੰ ਵਧਦੇ

ਕਦਮਾਂ ਨਾਲ ਕੀਤੀ ਜਾ ਸਕਦੀ ਹੈ। ਇਸ ਘਟਨਾ ਦੀ ਵਰਤੋਂ ਕਰਨ ਦਾ ਇਕ ਹੋਰ ਢੰਗ ਪਤਰਸ ਦੇ ਇਨਕਾਰ ਦੀ ਤੁਲਨਾ ਯਹੂਦਾ ਦੇ ਧੋਖੇ ਨਾਲ ਕਰਨਾ ਹੈ। ਪਤਰਸ ਦੀ ਤੌਬਾ (ਜੋ ਉਸ ਦੀ ਮੁਕਤੀ ਦਾ ਕਾਰਣ ਬਣੀ) ਦੀ ਤੁਲਨਾ ਯਹੂਦਾ ਦੇ ਪਛਤਾਵੇ (ਜੋ ਉਸ ਦੀ ਖੁਦਕੁਸ਼ੀ ਦਾ ਕਾਰਣ ਬਣਿਆ) ਨਾਲ ਕੀਤੀ ਜਾ ਸਕਦੀ ਹੈ।

ਸਾਡੇ ਇਸ ਅਧਿਐਨ ਵਿੱਚੋਂ ਕਈ ਆਇਤਾਂ ਦੀ ਵਰਤੋਂ ਟੈਕਸਚੁਅਲ ਸਰਮਨ ਦੇ ਆਧਾਰ ਦੇ ਤੌਰ ਤੇ ਕੀਤੀ ਜਾ ਸਕਦੀ ਹੈ: ''ਸ਼ੈਤਾਨ ਦੀ ਅੱਗ ਸੇਕਣਾ'' (ਮਰਕੁਸ 14:54; ਉਨ੍ਹਾਂ ਹਾਲਾਤ ਤੋਂ ਦੂਰ ਰਹਿਣ ਤੋਂ ਨਾਕਾਮ ਰਹਿਣਾ, ਜੋ ਸਾਨੂੰ ਅਜ਼ਮਾਇਸ਼ ਵਿਚ ਪਾਉਂਦੇ ਅਤੇ ਸਾਡੀ ਅਜ਼ਮਾਇਸ਼ ਕਰਦੇ ਹਨ); ''ਤੁਹਾਡੇ ਬੋਲਣ ਦਾ ਢੰਗ ਤੁਹਾਡੀ ਪਛਾਣ ਹੈ'' (ਮੱਤੀ 26:73; ਜੀਭ); ''ਯਿਸੂ ਜਗਤ ਵਿਚ ਕਿਉਂ ਆਇਆ'' (ਯੂਹੰਨਾ 18:37; ਵੇਖੋ ਮੱਤੀ 5:17; 9:12, 13; 10:34; ਮਰਕੁਸ 10:45; ਲੂਕਾ 19:10; ਯੂਹੰਨਾ 6:38; 10:10; 12:27, 28, 46, 47); ''ਸਚਿਆਈ ਕੀ ਹੈ?'' (ਯੂਹੰਨਾ 18:38; ਇਕ ਇਨਕਾਰ ਦੇ ਸੱਚ ਦਾ ਵਜੂਦ ਹੈ, ਹਾਲਾਂਕਿ ਯਿਸੂ ਨੇ ਕਿਹਾ ਕਿ ਇਹ ਹੈ [ਵੇਖੋ ਯੂਹੰਨਾ 17:17])। ਪਤਰਸ ਤੇ ਪਾਤਰ ਅਧਿਐਨ ਕਰਨ ਦੀ ਵੀ ਇਹ ਢੁਕਵੀਂ ਥਾਂ ਹੋਵੇਗੀ।

---

## ਅੰਨਾਸ ਅਤੇ ਕਯਾਫ਼ਾ

''ਯਹੂਦੀ ਪ੍ਰਧਾਨ ਯਾਜਕਾਂ ਦਾ ਐਨਾ ਪ੍ਰਭਾਵ ਸੀ ਕਿ ਰੋਮੀ ਹਾਕਮਾਂ ਨੇ ਉਨ੍ਹਾਂ ਦੀ ਨਿਯੁਕਤੀ ਤੇ ਉਨ੍ਹਾਂ ਨੂੰ ਅਹੁਦੇ ਤੋਂ ਲਾਹੁਣ ਦਾ ਇਖ਼ਤਿਆਰ ਆਪਣੇ ਕੋਲ ਰੱਖਿਆ ਸੀ। ਅਨਾਸ 7 ਤੋਂ 14 ਈਸਵੀ ਤਕ ਪ੍ਰਧਾਨ ਯਾਜਕ ਸੀ ਅਤੇ ਉਸ ਨੂੰ ਗੱਦੀਓਂ ਲਾਹੇ ਜਾਣ ਦੇ ਬਾਵਜੂਦ ਉਸ ਦਾ ਬਹੁਤ ਪ੍ਰਭਾਵ ਸੀ। ਛੇਤੀ ਹੀ ਉਹ ਆਪਣੇ ਪੁੱਤਰ ਨੂੰ ਪ੍ਰਧਾਨ ਯਾਜਕ ਬਣਾਉਣ ਵਿਚ ਕਾਮਯਾਬ ਹੋ ਗਿਆ ਅਤੇ ਬਾਅਦ ਵਿਚ ਆਪਣੇ ਜਵਾਈ ਨੂੰ ਕਯਾਫ਼ਾ, ਜੋ ਇਸ ਵਕਤ ਪ੍ਰਧਾਨ ਯਾਜਕ ਸੀ। ਇਸ ਦੇ ਵੀ ਬਾਅਦ, ਚਾਰ ਹੋਰ ਪੁੱਤਰਾਂ ਨੇ ਵੱਖੋ ਵੱਖ ਸਮਿਆਂ ਤੇ ਪ੍ਰਧਾਨ ਯਾਜਕ ਦੀ ਗੱਦੀ ਸੰਭਾਲੀ। ਕਯਾਫ਼ਾ ਭਾਵੇਂ ਅਸਲ ਪ੍ਰਧਾਨ ਯਾਜਕ ਸੀ, ਪਰ ਅੰਨਾਸ ਨੂੰ ਵੀ ਕਈ ਵਾਰ ਪ੍ਰਧਾਨ ਯਾਜਕ ਕਹਿ ਦਿੱਤਾ ਜਾਂਦਾ ਸੀ। ਇਸ ਕਰਕੇ [ਯੂਹੰਨਾ 18:19] ਵਿਚ ਯੂਹੰਨਾ ਨੇ ਕਯਾਫ਼ਾ ਦੀ ਥਾਂ ਅੰਨਾਸ ਨੂੰ ਹੀ ਕਹਿ ਦਿੱਤਾ ਹੋਵੇਗਾ। ਰਸੂਲਾਂ ਦੇ ਕੰਮ 4:6 ਵਿਚ ਸਰਦਾਰ ਯਾਜਕ ਉਸੇ ਨੂੰ ਕਿਹਾ ਗਿਆ ਹੈ ਅਤੇ ਲੂਕਾ 3:2 ਵਿਚ ਅੰਨਾਸ ਅਤੇ ਕਯਾਫਾ ਨੂੰ ਸਰਦਾਰ ਯਾਜਕ ਦੋਵੇਂ ਕਿਹਾ ਗਿਆ ਹੈ। ਇਸ ਤੋਂ ਭਾਵ ਇਹ ਹੋਵੇਗਾ ਕਿ ਉਨ੍ਹਾਂ ਬਾਰਾਂ ਸਾਲਾਂ ਬਾਅਦ ਜਦ ਕਯਾਫ਼ਾ ਕੋਲ ਅਹੁਦਾ ਸੀ ਅਤੇ ਉਹ ਇਸ ਰੁਤਬੇ ਦੇ ਬਾਹਰੀ ਕੰਮ ਕਰਦਾ ਸੀ, ਅੰਨਾਸ ਨੀਤੀਆਂ ਬਣਾਉਂਦਾ ਅਤੇ ਇਸ ਅਹੁਦੇ ਦੇ ਫ਼ੈਸਲੇ ਲਾਗੂ ਕਰਦਾ ਸੀ।''

*ਏ ਲੈਮੈਨ'ਜ਼ ਹਾਰਮਨੀ ਆਫ਼ ਦ ਗੌਸਪਲਜ਼*
ਜੌਨ ਫ਼੍ਰੈਂਕਲਿਨ ਕਾਰਟਰ

---

ਟਿੱਪਣੀਆਂ

[1]ਇਸ ਪਾਠ ਦੇ ਮਹੱਤਵ ਦੇ ਕਾਰਣ, ਇਸ ਨੂੰ ਦੋ ਭਾਗਾਂ ਵਿਚ ਦਿੱਤਾ ਜਾਵੇਗਾ। ਜੇ ਬਤਾਲੀ ਹਫ਼ਤਿਆਂ ਦੀ ਸਮਾਂ ਸਾਰਣੀ ਬਣਾਈ ਰੱਖਣੀ ਜ਼ਰੂਰੀ ਹੈ, ਤਾਂ ਤੁਸੀਂ ਇਨ੍ਹਾਂ ਦੋ ਭਾਗਾਂ ਨੂੰ ਮਿਲਾ ਕੇ ਇਕੱਠਾ ਕਰ ਸਕਦੇ ਹੋ। ਜੇ ਸਮੇਂ ਦੀ ਕੋਈ ਦਿੱਕਤ ਨਹੀਂ ਹੈ, ਤਾਂ ਤੁਸੀਂ ਦੋ ਵੱਖ ਵੱਖ ਕਲਾਸਾਂ ਵਿਚ ਇਸ ਨੂੰ ਦੱਸ ਸਕਦੇ ਹੋ। [2]''ਪ੍ਰਭੂ ਨੂੰ 'ਵੇਚਣ' '' ਦੀ ਗੱਲ ਸੋਚ ਲਈ ਵਰਤੀ ਜਾਂਦੀ ਹੈ, ਜਿਸ ਨਾਲ ਯਿਸੂ ਨਾਲੋਂ ਕਿਸੇ ਚੀਜ਼ ਨੂੰ ਵੱਧ ਅਹਿਮੀਅਤ

ਦੇ ਕੇ ਉਸ ਨੂੰ ਪ੍ਰਭੂ ਅਤੇ ਉਸ ਦੀ ਇੱਛਾ ਤੋਂ ਪਹਿਲ ਦਿੱਤੀ ਜਾਂਦੀ ਹੈ। ਅਮਰੀਕਾ ਵਿਚ, ਸਾਡੇ ਇੱਥੇ ਇਵੇਂ ਹੀ ਕਿਹਾ ਜਾਂਦਾ ਹੈ, ''ਕਿਸੇ ਨੂੰ ਵੇਚ *ਖਾਣਾ,*'' ਜਿਸ ਤੋਂ ਭਾਵ ਹੈ ਉਸ ਨਾਲ ਧੋਖਾ ਕਰਨਾ।[3]ਯੂਹੰਨਾ 18:15-18 ਵਿਚ ਅਨਾਮ ਚੇਲਾ ਯੂਹੰਨਾ ਨੂੰ ਹੀ ਮੰਨਿਆ ਜਾਂਦਾ ਹੈ।[4]ਸਾਡੇ ਵਿੱਚੋਂ ਜਿਹੜੇ ਲੋਕ ਪ੍ਰਚਾਰ ਕਰਦੇ ਹਨ, ਉਨ੍ਹਾਂ ਨੇ ਅਕਸਰ ਧਿਆਨ ਦਿੱਤਾ ਹੈ ਕਿ ਪਤਰਸ ਨੂੰ ''ਵਿੱਥ'' ਤੋਂ ਪਿੱਛੇ ਪਿੱਛੇ ਨਹੀਂ ਜਾਣਾ ਚਾਹੀਦਾ ਸੀ। ਸੰਭਵ ਤੌਰ ਤੇ ਪਤਰਸ ਨੂੰ ਪਿੱਛੇ ਜਾਣਾ *ਹੀ ਨਹੀਂ* ਚਾਹੀਦਾ ਸੀ। ਯਿਸੂ ਨੇ ਸੰਕੇਤ ਦਿੱਤਾ ਸੀ ਕਿ ਉਸ ਦੀ ਮਰਜ਼ੀ ਆਪਣੇ ਚੇਲਿਆਂ ਨੂੰ ਉਸ ਦੇ ਫੜਨ ਵਾਲਿਆਂ ਤੋਂ ਦੂਰ ਰੱਖਣ ਦੀ ਸੀ (ਯੂਹੰਨਾ 18:8)।[5]ਯੂਹੰਨਾ 18:15 ਕਹਿੰਦਾ ਹੈ ਕਿ ਮਹਾਂਯਾਜਕ ਉਸ ਨੂੰ ਜਾਣਦਾ ਸੀ। ਆਇਤ 16 ਸੰਕੇਤ ਦਿੰਦੀ ਹੈ ਕਿ ਘਰ ਦੇ ਲੋਕ ਵੀ ਉਸ ਨੂੰ ਜਾਣਦੇ ਸਨ। ਯੂਹੰਨਾ ਸ਼ਾਇਦ ਕੰਮ ਕਾਜ ਦੇ ਕਾਰਣ ਘਰ ਵਾਲਿਆਂ ਤੋਂ ਵਾਕਫ਼ ਸੀ। (ਬੀਤੇ ਵਿਚ ਉਹ ਉਨ੍ਹਾਂ ਨੂੰ ਤਾਜ਼ਾ ਮੱਛੀ ਸਪਲਾਈ ਕਰਦਾ ਹੋਵੇਗਾ।) ਰਸੂਲਾਂ ਦੇ ਕੰਮ 4:5-7, 13 ਤੋਂ ਇਹ ਵੀ ਸੰਕੇਤ ਮਿਲਦਾ ਹੈ ਕਿ ਕਯਾਫ਼ਾ ਨੂੰ ਯੂਹੰਨਾ ਦੇ ਪਿਛੋਕੜ ਬਾਰੇ ਥੋੜਾ ਬਹੁਤ ਪਹਿਲਾਂ ਤੋਂ ਹੀ ਪਤਾ ਸੀ।[6]ਜਦੋਂ ਪਤਰਸ ਕਚਹਿਰੀ ਦੇ ਅਹਾਤੇ ਵਿਚ ਅੱਗ ਸੇਕਣ ਲਈ ਗਿਆ ਤਾਂ ਯੂਹੰਨਾ ਨੂੰ ਕੀ ਹੋਇਆ? ਯੂਹੰਨਾ ਨੂੰ ਘਰ ਦੇ ਲੋਕ ਜਾਣਦੇ ਸਨ, ਇਸ ਲਈ ਉਸ ਨੂੰ ਘਰ ਵਿਚ ਜਾਣ ਦਿੱਤਾ ਗਿਆ ਹੋਵੇਗਾ। ਇਕ ਹੋਰ ਸੰਭਾਵਨਾ ਇਹ ਹੈ ਕਿ ਉਹ ਖਤਰਾ ਵੇਖ ਕੇ ਭੱਜ ਗਿਆ ਹੋਵੇ।[7]ਯੂਹੰਨਾ 18:25 ਕਹਿੰਦਾ ਹੈ ਕਿ ਪਤਰਸ ''*ਖੜਾ* ਅੱਗ ਸੇਕਦਾ ਸੀ।'' ਇਹ ਸੰਭਵ ਤੌਰ ਤੇ ਕੁਝ ਚਿਰ ਖੜਾ ਰਿਹਾ ਅਤੇ ਕੁਝ ਸਮਾਂ ਬੈਠਾ ਸੀ।[8]ਮਰਕੁਸ ਦੇ ਮੁਤਾਬਿਕ ਯਿਸੂ ਨੇ ਕਿਹਾ, ''ਕੁੱਕੜ ਦੇ *ਦੋ ਵਾਰ* ਬਾਂਗ ਦੇਣ ਤੋਂ ਅੱਗੇ'' (ਮਰਕੁਸ 14:30)। ਇਸ ਵਿਚ ਕੋਈ ਵਿਰੋਧਾਭਾਸ ਨਹੀਂ ਹੈ: ਇੰਜੀਲ ਦੇ ਦੂਜੇ ਵਿਰਤਾਂਤਾਂ ਦਾ ਕੁੱਕੜ ਦਾ ਬਾਂਗ ਦੇਣਾ ਸਾਫ਼ ਤੌਰ ਤੇ ਦੂਜੇ ਕੁੱਕੜਾਂ ਦਾ ਬਾਂਗ ਦੇਣਾ ਸੀ।[9]ਸਾਨੂੰ ਪੂਰਾ ਪੂਰਾ ਪਤਾ ਨਹੀਂ ਹੈ ਕਿ ਇਨਕਾਰ ਕਿੰਨੀ ਦੇਰ ਦੇ ਬਾਅਦ ਹੋਇਆ। ਅਗਲਾ ਵੇਰਵਾ ਕਹਾਣੀ ਨੂੰ ਤਰਤੀਬਵਾਰ ਕਰਨ ਦਾ ਇਕ ਢੰਗ ਹੈ। ਇੰਜੀਲ ਦੇ ਵਿਰਤਾਂਤ ਤਿੰਨਾਂ ਇਨਕਾਰਾਂ ਬਾਰੇ ਦੱਸਦੇ ਹਨ ਪਰ ਸਾਰੇ ਵਿਰਤਾਂਤ ਉਨ੍ਹਾਂ ਇਨਕਾਰਾਂ ਬਾਰੇ ਨਹੀਂ ਦਸਦੇ। ਸੰਭਵ ਹੈ ਕਿ ਕਈ ਇਨਕਾਰ ਇੰਨੀ ਛੇਤੀ ਛੇਤੀ ਹੋਏ ਕਿ ਉਨ੍ਹਾਂ ਨੂੰ ਇੱਕੋ ਹੀ ਇਨਕਾਰ ਮੰਨਿਆ ਜਾ ਸਕਦਾ ਹੈ।[10]ਸੰਭਵ ਤੌਰ ਤੇ ਇਹ ਛੱਤ ਦੇ ਲਮਕਦੇ ਛੱਜਿਆਂ ਨੂੰ ਕਿਹਾ ਗਿਆ ਹੈ।

[11]ਮਰਕੁਸ 14:68 ਦੇ ਅਖ਼ੀਰ ਵਿਚ, ਬਾਅਦ ਦੀਆਂ ਕੁਝ ਹੱਥਲਿਖਤਾਂ ਵਿਚ ''ਅਤੇ ਕੁੱਕੜ ਨੇ ਬਾਂਗ ਦੇ ਦਿੱਤੀ'' ਸ਼ਾਮਿਲ ਕੀਤਾ ਗਿਆ ਹੈ। ਪਤਰਸ ਦੀ ਅਜ਼ਮਾਇਸ਼ ਵਿਚ, ਕੁੱਕੜ ਨੇ ਪਹਿਲੀ ਵਾਰ ਬਾਂਗ ਦੇ ਦਿੱਤੀ (ਵੇਖੋ ਮਰਕੁਸ 14:72)।[12]ਇਹ ''ਸਹੁੰ'' ਸੰਭਵ ਤੌਰ ਤੇ ਉਹ ਨਹੀਂ ਹੈ, ਜਿਸ ਨੂੰ ਅਸੀਂ ਗਾਲ ਆਖਦੇ ਹਾਂ, ਬਲਕਿ ਯਹੂਦੀਆਂ ਰਾਹੀਂ ਵਰਤੀ ਜਾਣ ਵਾਲੀ ਰਵਾਇਤੀ ਸਹੁੰ ਸੀ। ਉਸ ਨੇ ਸਹੁੰ ਖਾਧੀ ਕਿ ਉਹ ਸੱਚ ਬੋਲ ਰਿਹਾ ਸੀ।[13]ਸ਼ੈਤਾਨ ਉਸ ਨੂੰ ''ਛਾਣਦਾ'' ਰਿਹਾ (ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ''ਕਦੀ ਨਾ ਭੁਲਾਈ ਜਾਣ ਵਾਲੀ ਰਾਤ'' ਵਿਚ ਲੂਕਾ 22:31 ਤੇ ਟਿੱਪਣੀਆਂ ਵੇਖੋ)।[14]ਮਰਕੁਸ ਨੇ ''ਝੱਟ *ਦੂਈ ਵਾਰ* ਕੁੱਕੜ ਨੇ ਬਾਂਗ ਦਿੱਤੀ'' ਲਿਖਿਆ ਹੈ (ਮਰਕੁਸ 14:72ੳ)।[15]ਮਰਕੁਸ 14:72ਅ ਵਿਚ ਹੈ, ''ਕੁੱਕੜ ਦੇ *ਦੋ ਵਾਰ* ਬਾਂਗ ਦੇਣ ਤੋਂ ਪਹਿਲਾਂ ...।''[16]ਪ੍ਰਭੂ ਦਾ ਇਨਕਾਰ ਕਰਨ ਬਾਰੇ, ਵੇਖੋ ਮੱਤੀ 10:33 ਅਤੇ 2 ਤਿਮੋਥਿਉਸ 2:12.[17]ਇਸ ਕਿਤਾਬ ਵਿਚ ਯਿਸੂ ਦੀਆਂ ਅਜ਼ਮਾਇਸ਼ਾਂ ਤੇ ''ਤੁਹਾਡਾ ਫ਼ੈਸਲਾ ਕੀ ਹੈ?'' ਸਰਮਨ ਵੇਖੋ।[18]ਸਭਾ ਦੀ ਕਚਿਹਰੀ ਸਾਫ਼ ਤੌਰ ਤੇ ਮਹਾਂਯਾਜਕ ਦੇ ਘਰ ਤੋਂ ਕੁਝ ਫ਼ਾਸਲੇ ਤੇ ਸੀ, ਕਿਉਂਕਿ ਯਿਸੂ ਨੂੰ ਰਾਤ ਦੇ ਇਲਜ਼ਾਮ ਤੋਂ ਬਾਅਦ ਉੱਥੇ ਹੀ ਲੈ ਕੇ ਜਾਣਾ ਸੀ। ਪਰ ਇਸ ਕਚਿਹਰੀ ਦੀ ਸਹੀ ਸਹੀ ਥਾਂ ਤੇ ਕਿ ਉਹ ਉੱਥੇ ਕਿੱਥੇ ਸੀ, ਅਸਹਿਮਤੀ ਪਾਈ ਜਾਂਦੀ ਹੈ। ਬੀਤੇ ਵਿਚ ਬਹੁਤੇ ਲੋਕਾਂ ਦਾ ਮੰਨਣਾ ਸੀ ਕਿ ਇਹ ਹੈਕਲ ਦੇ ਅਹਾਤੇ ਵਿਚ, ਔਰਤਾਂ ਦੇ ਅਹਾਤੇ ਤੋਂ ਦੂਰ ਨਹੀਂ ਸੀ (*ਮਸੀਹ ਦੀ ਜ਼ਿੰਦਗੀ, 1* ਕਿਤਾਬ ਵਿਚ ਹੈਕਲ ਦਾ ਰੇਖਾਚਿੱਤਰ ਵੇਖੋ), ਪਰ ਹੁਣ ਕੁਝ ਲੋਕਾਂ ਦਾ ਮੰਨਣਾ ਹੈ ਇਹ ਹੈਕਲ ਦੇ ਅਹਾਤੇ ਤੋਂ ਬਾਹਰ ਸੀ।[19]ਮਰਕੁਸ ਨੇ ਲਿਖਿਆ ਹੈ ਕਿ ''ਸਾਰੀ ਮਹਾਂਸਭਾ'' ਉੱਥੇ ਸੀ (ਮਰਕੁਸ 15:1), ਜਿਸ ਵਿਚ ਨਿਕੁਦੇਮੁਸ ਅਤੇ ਅਰਿਮਥੈਆ ਦਾ ਯੂਸੁਫ਼ ਵੀ ਹੋਣਾ ਚਾਹੀਦਾ ਸੀ (ਯੂਹੰਨਾ 7:50; ਲੂਕਾ 23:50, 51)। ਜੇ ਇਹ ਦੋਵੇਂ ਉੱਥੇ ਸਨ, ਤਾਂ ਕੀ ਉਨ੍ਹਾਂ ਨੂੰ ਵਿਰੋਧ ਕਰਨ ਦਾ ਮੌਕਾ ਮਿਲਿਆ ਜਾਂ ਸਾਰਾ ਮਾਮਲਾ ਇੰਨੀ ਛੇਤੀ ਸੁਲਝਾਇਆ ਗਿਆ ਕਿ ਉਨ੍ਹਾਂ ਨੂੰ

ਬੋਲਣ ਦਾ ਮੌਕਾ ਹੀ ਨਹੀਂ ਮਿਲਿਆ? ਸਾਨੂੰ ਦੱਸਿਆ ਨਹੀਂ ਗਿਆ। [20]ਉਸ ਨੇ ਸਵਾਲ ਪੁੱਛੇ ਹੋ ਸਕਦੇ ਹਨ ਕਿ ਪੁਰਾਣਾ ਨੇਮ ਮਸੀਹਾ ਬਾਰੇ ਕੀ ਕਹਿੰਦਾ ਹੈ ਅਤੇ ਉਸ ਦੀ ਜ਼ਿੰਦਗੀ ਅਤੇ ਸੇਵਕਾਈ ਨਾਲ ਉਹ ਨਬੂਵਤਾਂ ਕਿਵੇਂ ਪੂਰੀਆਂ ਹੋਣੀਆਂ ਸਨ। ਪਰ ਉਸ ਨੂੰ ਪਤਾ ਸੀ ਕਿ ਉਹ ਸਾਰੇ ਜਵਾਬ ਦੇਣ ਤੋਂ ਇਨਕਾਰ ਕਰ ਦੇਣਗੇ (ਵੇਖੋ ਮੱਤੀ 22:41–46)।

[21]ਪਾਠ ਵਿਚ ਮੱਤੀ 26:64 ਤੇ ਨੋਟਸ ਵੇਖੋ। [22]ਯੂਨਾਨੀ ਲਿਖਤ ਵਿਚ ‘‘ਤੂੰ ਕਹਿੰਦਾ ਹੈਂ ਕਿ ਮੈਂ ਹਾਂ’’ (ਵੇਖੋ KJV) ਹੈ ਜੋ ਹਾਂ ਦੀ ਤਸਦੀਕ ਕਰਨ ਲਈ ਇਕ ਇਬਰਾਨੀ ਵਾਕ ਹੈ। [23]ਸਭਾ ਦੇ ਮੈਂਬਰ ਗੰਭੀਰ ਸਨ, ਪਰ ਉਨ੍ਹਾਂ ਦੀ ਗੱਲ ਵਿਚ ਕੁਝ ਮਜ਼ਾਕ ਲਗਦਾ ਹੈ: ਉਨ੍ਹਾਂ ਕੋਲ ਕੋਈ ਗਵਾਹ *ਨਹੀਂ* ਸਨ। ਜੇ ਯਿਸੂ ਤਸਦੀਕ ਨਾ ਕਰਦਾ, ਤਾਂ ਉਸ ਸਵੇਰ ਨੂੰ ਉਨ੍ਹਾਂ ਕੋਲ ਕੋਈ ਗਵਾਹ *ਨਹੀਂ* ਹੋਣਾ ਸੀ। [24]ਹਾਲਾਂਕਿ ਕਹਾਣੀ ਵਿਚ ਇੱਥੇ ਜ਼ਿਕਰ ਨਹੀਂ ਹੈ, ਪਰ ਸਭਾ ਦੇ ਸਾਹਮਣੇ ਮੁੱਖ ਕੰਮ ਸਿਆਸੀ ਇਲਜ਼ਾਮ ਤਿਆਰ ਕਰਨਾ ਹੀ ਹੋਵੇਗਾ। ਉਨ੍ਹਾਂ ਲਈ ਯਿਸੂ ਨੂੰ ਪਿਲਾਤੁਸ ਦੇ ਸਾਹਮਣੇ ਲਿਜਾਣ ਲਈ ਇਹ ਜ਼ਰੂਰੀ ਹੋਵੇਗਾ। [25]ਬਾਅਦ ਵਿਚ ਉਨ੍ਹਾਂ ਨੇ *ਨਾਜਾਇਜ਼ ਢੰਗ ਨਾਲ* ਇਸਤੀਫ਼ਾਨ ਨੂੰ ਪਥਰਾਅ ਕਰਕੇ ਮਾਰ ਸੁੱਟਿਆ (ਰਸੂਲਾਂ ਦੇ ਕੰਮ 6:8–7:60); ਪਰ ਯਿਸੂ ਦੇ ਮਾਮਲੇ ਵਿਚ, ਉਹ ਕਾਨੂੰਨੀ ਹੋਣ ਦਾ *ਵਿਖਾਵਾ* ਕਰਨਾ ਚਾਹੁੰਦੇ ਸਨ। [26]ਕੁਝ ਵਿਸ਼ੇ ਸੂਚੀਆਂ ਵਿਚ ਯਹੂਦਾ ਦੀ ਖ਼ੁਦਕੁਸ਼ੀ ਨੂੰ ਮਹਾਂਸਭਾ ਵੱਲੋਂ ਕੀਤੀ ਗਈ ਰਵਾਇਤੀ ਤਸਦੀਕ ਦੇ ਝੱਟ ਬਾਅਦ ਸ਼ਾਮਿਲ ਕੀਤਾ ਗਿਆ ਹੈ ਕਿਉਂਕਿ ਮੱਤੀ ਨੇ ਉਸਨੂੰ ਇੱਥੇ ਰੱਖਿਆ ਹੈ (ਮੱਤੀ 27:3–10)। ਪਰ ਕਹਾਣੀ ਦੀਆਂ ਕੁਝ ਗੱਲਾਂ ਤੋਂ ਸੰਕੇਤ ਮਿਲਦਾ ਹੈ ਕਿ ਇਹ ਬਾਅਦ ਵਿਚ ਹੋਇਆ ਹੋਵੇਗਾ। ਉਦਾਹਰਣ ਲਈ, ਮਹਾਂਸਭਾ ਪ੍ਰਿਟੋਰਿਉਮ ਵਿਚ ਪਿਲਾਤੁਸ ਨਾਲ ਬਹਿਸ ਕਰਨ ਦੀ ਥਾਂ ਹੈਕਲ ਵਿਚ ਵਾਪਸ ਚਲੀ ਗਈ (ਆਇਤ 5)। ਇਸ ਲਈ ਮੇਰੀ ਵਿਸ਼ੇ ਸੂਚੀ ਵਿਚ, ਕਹਾਣੀ ਨੂੰ ਪਿਲਾਤੁਸ ਵੱਲੋਂ ਯਿਸੂ ਨੂੰ ਮੌਤ ਦੀ ਸਜ਼ਾ ਦੇਣ ਤੋਂ ਬਾਅਦ ਰੱਖਿਆ ਗਿਆ ਹੈ। [27]ਪਿਲਾਤੁਸ ਦੇ ਪਿਛੋਕੜ ਲਈ, *ਮਸੀਹ ਦੀ ਜ਼ਿੰਦਗੀ, 1* ਕਿਤਾਬ ਵਿਚ ‘‘ਸੰਸਾਰ ਜਿਸ ਵਿਚ ਮਸੀਹ ਆਇਆ’’ ਪਾਠ ਵੇਖੋ। ਇਸ ਕਿਤਾਬ ਵਿਚ ਅੱਗੇ ਪਿਲਾਤੁਸ ਤੇ ਵਾਧੂ ਲੇਖ ਵੀ ਵੇਖੋ। [28]ਐਫ਼. ਲੇਗਰਡ ਸਮਿਥ, *ਦ ਨੈਰੇਟਡ ਬਾਈਬਲ ਇਨ ਕਰੋਨੋਲੀਜੀਕਲ ਆਰਡਰ* (ਯੂਜੀਨ, ਓਰਿਗਨ: ਹਾਰਵੈਸਟ ਹਾਊਸ ਪਬਲਿਸ਼ਰਜ਼, 1984), 1470. [29]ਕੁਝ ਦੇਰ ਬਾਅਦ, ਯਿਸੂ ਦੇ ਦੋ ਵਾਰ ਪਿਲਾਤੁਸ ਅਤੇ ਇਕ ਵਾਰ ਹੇਰੋਦੇਸ ਦੇ ਸਾਮਹਣੇ ਜਾਣ ਤੋਂ ਬਾਅਦ, ਯੂਹੰਨਾ ਨੇ ਕਿਹਾ ਕਿ ਇਹ ਲਗਭਗ 6 ਵਜੇ ਸਵੇਰ ਦਾ ਸਮਾਂ ਸੀ (ਇਸ ਕਿਤਾਬ ਵਿਚ ਅੱਗੇ ‘‘ਇਕ ਸਵਾਲ ਜਿਸ ਦਾ ਜਵਾਬ ਸਭ ਲਈ ਦੇਣਾ ਜ਼ਰੂਰੀ ਹੈ’’ ਪਾਠ ਵਿਚ ਯੂਹੰਨਾ 19:14 ਤੇ ਨੋਟਸ ਵੇਖੋ)। ਮਹਾਂਸਭਾ ਨੇ ਦਿਨ ਚੜ੍ਹਨ ਤੋਂ ਪਹਿਲਾਂ ਯਿਸੂ ਨੂੰ ਪਿਲਾਤੁਸ ਕੋਲ ਲੈ ਕੇ ਜਾਣ ਵਿਚ ਕਾਹਲੀ ਕੀਤੀ ਹੋਵੇਗੀ। [30]ਰੋਮੀ ਹਾਕਮ ਦਾ ਫ਼ਲਿਸਤੀਨ ਵਿਚਲਾ ਮੁੱਖ ਦਫ਼ਤਰ ਕੈਸਰੀਆ ਵਿਚ ਸੀ (ਵੇਖੋ ਰਸੂਲਾਂ ਦੇ ਕੰਮ 23:33), ਪਰ ਪਿਲਾਤੁਸ ਯਰੂਸ਼ਲਮ ਵਿਚ ਯਹੂਦੀ ਪਸਾਹ ਦੇ ਸਮੇਂ ਬਾਗੀ ਯਹੂਦੀਆਂ ਤੇ ਨਜ਼ਰ ਰੱਖਣ ਲਈ ਆਇਆ।

[31]ਇਸ ਕਿਤਾਬ ਵਿਚ ਅੱਗੇ ਯਰੂਸ਼ਲਮ ਦਾ ਨਕਸ਼ਾ ਵੇਖੋ। ਇਸ ਤੋਂ ਇਲਾਵਾ, ਰਵਾਇਤੀ ਤੌਰ ਤੇ ਮੰਨਿਆ ਜਾਣ ਵਾਲਾ ‘‘ਦੁੱਖ ਦਾ ਰਾਹ’’ (ਵਾਇਆ ਡੋਲੋਰੋਸਾ) ਇੱਥੋਂ ਹੀ ਸ਼ੁਰੂ ਹੁੰਦਾ ਹੈ। ਕਿਲ੍ਹੇ ਤੇ ਟਿੱਪਣੀ ਕਰਦੇ ਹੋਏ, ਜੋਸੇਫ਼ਸ ਨੇ ਕਿਹਾ ਹੈ ‘‘ਆਪਣੀ ਸ਼ਾਨੋ ਸ਼ੌਕਤ ਨਾਲ, ਇਹ ਇਕ ਮਹਿਲ ਜਾਪਦਾ ਸੀ’’ (ਜੋਸੇਫ਼ਸ *ਵਾਰਜ਼ ਆਫ਼ ਦ ਜਿਊਸ* 5.5.8)। [32]ਪਿਲਾਤੁਸ ਦੀ ਰਿਹਾਇਸ਼ ਵਾਲੀ ਥਾਂ ਬਾਰੇ ਸਵਾਲ ਦੀ ਚਰਚਾ ਜੌਨ ਮੈਕਰੇ, *ਆਰਕਿਓਲੋਜੀ ਐਂਡ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1991), 114–19 ਵਿਚ ਕੀਤੀ ਗਈ ਹੈ। [33]ਬੀ. ਵੈਨਐਲਡਰਨ, ‘‘ਪ੍ਰਿਟੋਰੀਅਮ,’’ *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਈਕਲੋਪੀਡੀਆ,* ਸੋਧਿਆ ਆ, ਆਮ ਜਿਲਦ, ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਨਜ਼ ਪਬਲਿਸ਼ਿੰਗ ਕੰ., 1986), 3:929. ਇਸ ਤੋਂ ਇਲਾਵਾ, ਇਹ ਵੀ ਵਿਚਾਰ ਕਰੋ ਕਿ ਯਹੂਦੀ ਪਰਬਾਂ ਦੌਰਾਨ, ਕੈਸਰੀਆ ਤੋਂ ਵਾਧੂ ਰੋਮੀ ਸਿਪਾਹੀ ਲਿਆਂਦੇ ਜਾਂਦੇ ਸਨ। ਇਨ੍ਹਾਂ ਨੂੰ ਹੈਕਲ ਦੇ ਇਲਾਕੇ ਵਿਚ ਗੜਬੜੀ ਨਾਲ ਨਜਿੱਠਣ ਲਈ ਤਿਆਰ ਰਹਿਣ ਲਈ ਅੰਟੋਨੀਆ ਦੇ ਕਿਲ੍ਹੇ ਵਿਚ ਠਹਿਰਾਇਆ ਜਾਂਦਾ ਹੋਵੇਗਾ (ਵੇਖੋ ਰਸੂਲਾਂ ਦੇ ਕੰਮ 23:31–35)। ਮੱਤੀ 27:27 ਦੇ ਮੁਤਾਬਿਕ ਰੋਮੀਆਂ ਦੀ

''ਸਾਰੀ ਪਲਟਨ'' ਕਿਲ੍ਹੇ ਵਿਚ ਸੀ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਅੰਟੋਨੀਆ ਦਾ ਕਿਲ੍ਹਾ ਪ੍ਰੀਟੋਰੀਅਮ ਹੀ ਨੂੰ ਕਿਹਾ ਗਿਆ ਸੀ। [34]ਪਰਾਈਆਂ ਕੌਮਾਂ ਦੇ ਘਰ ਵਿਚ ਅਸ਼ੁੱਧ ਹੋਣ ਬਾਰੇ, ਵੇਖੋ ਰਸੂਲਾਂ ਦੇ ਕੰਮ 10:28. ਕਈ ਯਹੂਦੀ ਆਪਣੇ ਆਪ ਨੂੰ ਸ਼ੁੱਧ ਕਰਨ ਲਈ ਯਰੂਸ਼ਲਮ ਵਿਚ ਇਕ ਹਫ਼ਤਾ ਪਹਿਲਾਂ ਆ ਗਏ ਸਨ (ਯੂਹੰਨਾ 11:55) ਤਾਂ ਜੋ ਉਹ ਪਰਬ ਵਿਚ ਭਾਗ ਲੈ ਸਕਣ। ਯਹੂਦੀ ਆਗੂ ਇਹ ਨਹੀਂ ਲੱਗਣ ਦੇਣਾ ਚਾਹੁੰਦੇ ਸਨ ਕਿ ਉਹ ''ਆਮ'' ਯਹੂਦੀਆਂ ਨਾਲੋਂ ਘੱਟ ਵਿਵੇਕੀ ਹਨ। [35]ਯਿਸੂ ਦੇ ਸਮੇਂ ਤਕ ''ਪਸਾਹ'' ਅਤੇ ''ਅਖ਼ਮੀਰੀ ਰੋਟੀ'' ਸ਼ਬਦਾਂ ਨੂੰ ਆਮ ਤੌਰ ਤੇ ਇਕ ਦੂਜੇ ਦੀ ਥਾਂ ਵਰਤ ਲਿਆ ਜਾਂਦਾ ਸੀ (ਵੇਖੋ ਲੂਕਾ 22:1)। ਐਡਰਸ਼ੇਮ ਕੋਲ ਇਸ ਤੇ ਇਕ ਚਰਚਾ ਹੈ ਕਿ ਯੂਹੰਨਾ 18:28 ਵਿਚ ਕਿਸ ਖਾਸ ਭੋਜ ਦੀ ਗੱਲ ਹੈ। (ਐਲਫ੍ਰੇਡ ਐਡਰਸ਼ੇਮ, *ਦ ਲਾਈਫ਼ ਐਂਡ ਟਾਈਮਜ਼ ਆਫ਼ ਜੀਜ਼ਸ ਦ ਮਸਾਯਾਹ,* ਨਿਊ ਅਪਡੇਟਡ ਵਰਜ਼ਨ [ਪੀਬੌਡੀ, ਮੈਸਾਚੁਏਟਸ: ਹੈਂਡ੍ਰਿਕਸਨ ਪਬਲਿਸ਼ਰਜ਼, 1993], 865–66)। [36]ਯਿਸੂ ਦੀ ਰੋਮੀ ਪੇਸ਼ੀ ਦੌਰਾਨ ਘਟਨਾਵਾਂ ਦੀ ਸਹੀ ਸਹੀ ਤਰਤੀਬ ਬਾਰੇ ਅਸੀਂ ਪੱਕਾ ਨਹੀਂ ਜਾਣ ਸਕਦੇ। ਦਿੱਤੀ ਗਈ ਤਰਤੀਬ ਇਕ ਸੰਭਾਵਨਾ ਹੋ ਸਕਦੀ ਹੈ। [37]*ਮਸੀਹ ਦੀ ਜ਼ਿੰਦਗੀ, 1* ਕਿਤਾਬ ਵਿਚ ''ਸੰਸਾਰ ਜਿਸ ਵਿਚ ਮਸੀਹ ਆਇਆ'' ਪਾਠ ਵੇਖੋ। [38]ਬਰੂਸ ਕੋਰਲੀ, ''ਟ੍ਰਾਇਲ ਆਫ਼ ਜੀਜ਼ਸ,'' *ਡਿਕਸ਼ਨਰੀ ਆਫ਼ ਜੀਜ਼ਸ ਐਂਡ ਦ ਗੌਸਪਲਜ਼,* ਸੰਪਾਦਕ ਜੋਏਲ ਬੀ. ਗ੍ਰੀਨ ਅਤੇ ਸਕੌਟ ਮੈਕਨਾਈਟ (ਡਾਊਨਰਸ ਗ੍ਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈੱਸ, 1992), 850 ਵਿਚ ਦੁਹਰਾਇਆ ਕਿਆ, ਥਿਓਡੋਰ ਮੌਮਸਨ। ਯੂਹੰਨਾ 18:31ਅ ਦੀ ਗੱਲ ਇਕ ਅਪਵਾਦ ਹੋ ਸਕਦੀ ਸੀ ਜੇ ਕੋਈ ਗੈਰ ਯਹੂਦੀ ਹੈਕਲ ਦੇ ਪਵਿੱਤਰ ਭਾਗ ਵਿਚ ਗਿਆ ਹੋਵੇ। [39]ਪਿਲਾਤੁਸ ਦੀ ਪਤਨੀ ਦੇ ਸ਼ਬਦਾਂ (ਮੱਤੀ 27:19) ਤੋਂ ਯਿਸੂ ਬਾਰੇ ਪਹਿਲਾਂ ਤੋਂ ਕੁਝ ਜਾਣਕਾਰੀ ਦਾ ਸੰਕੇਤ ਮਿਲਦਾ ਹੈ; ਜੇ ਉਸ ਦੀ ਪਤਨੀ ਨੇ ਯਿਸੂ ਬਾਰੇ ਸੁਣਿਆ ਸੀ, ਤਾਂ ਯਕੀਨਨ ਹੀ ਪਿਲਾਤੁਸ ਨੇ ਵੀ ਸੁਣਿਆ ਸੀ। [40]ਗਲੀਲ ਵਿਚ ਯਿਸੂ ਦੀ ਕਾਮਯਾਬੀ ਕਰਕੇ ਹੇਰੋਦੇਸ ਦਾ ਧਿਆਨ ਉਸ ਤੇ ਗਿਆ ਸੀ (ਮੱਤੀ 14:1; ਲੂਕਾ 9:7–9); ਯਹੂਦੀਆ ਵਿਚ ਯਿਸੂ ਦੀ ਕਾਮਯਾਬੀ ਨੇ ਪਿਲਾਤੁਸ ਦਾ ਧਿਆਨ ਖਿੱਚਿਆ ਹੋਵੇਗਾ।

[41]ਕਈਆਂ ਦਾ ਮੰਨਣਾ ਹੈ ਕਿ ਯਿਸੂ ਕਹਿ ਰਿਹਾ ਸੀ, ''ਤੇਰੇ ਹੀ ਬੋਲ ਹਨ, ਮੇਰੇ ਨਹੀਂ,'' ਪਰ ਉਸਦਾ ਜਵਾਬ ''ਹਾਂ'' ਦੇ ਅਰਥ ਵਾਲਾ ਯਹੂਦੀ ਢੰਗ ਸੀ। [42]ਯੂਹੰਨਾ 18:34 ਵਿਚ ਯਿਸੂ ਦੇ ਸਵਾਲ ਦੀਆਂ ਕਈ ਵਿਆਖਿਆ ਹੁੰਦੀਆਂ ਹਨ। ਦਿੱਤੀ ਗਈ ਵਿਆਖਿਆ ਜ਼ਿਆਦਾ ਮੰਨਣ ਵਾਲੀ ਹੈ। [43]ਯਿਸੂ ਦੀ ਗੱਲ ਕਿ ਉਸ ਦਾ ਰਾਜ ''ਇੱਥੋਂ [ਜਾਂ ''ਜਗਤ''; KJV] ਦਾ ਨਹੀਂ'' ਇਹ ਸਿਖਾਉਣ ਵਾਲਿਆਂ ਲਈ ਪਰੇਸ਼ਾਨੀ ਦਾ ਕਾਰਣ ਹੈ ਕਿ ਯਿਸੂ ਧਰਤੀ ਤੇ ਰਾਜ ਕਾਇਮ ਕਰਨ ਲਈ ਆਵੇਗਾ। ਉਹ ਇਸ ਸਪੱਸ਼ਟ ਗੱਲ ਨੂੰ ਟਾਲਣ ਦੀ ਕੋਸ਼ਿਸ਼ ਵਿਚ ਬੜੀ ਦੂਰ ਤਕ ਚਲੇ ਜਾਂਦੇ ਹਨ। [44]ਪਿਲਾਤੁਸ ਦਾ ਸਵਾਲ ''ਈਮਾਨਦਾਰੀ ਨਾਲ ਕੀਤੀ ਗਈ ਪੁੱਛਗਿੱਛ ... ਉਸ ਤੋਂ ਪੁੱਛਗਿੱਛ, ਜਿਹੜਾ ਉਦਾਸ ਸੀ ..., ਮਜ਼ਾਕ ਉਡਾਉਣ ਵਾਲਾ ਸਵਾਲ ਮੰਨੀ ਗਈ ਹੈ'' (ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿਪ ਵਾਈ. ਵੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* [ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914], 707)। ਸਵਾਲ ਪੁੱਛਣ ਦਾ ਪਿਲਾਤੁਸ ਦਾ ਇਰਾਦਾ *ਜੋ ਵੀ* ਰਿਹਾ ਹੋਵੇ, ਪਰ ਉਹ ਉਸ ਤੋਂ ਜੋ ਜਵਾਬ ਦੇਣ ਦੇ ਯੋਗ ਸੀ, ਜਵਾਬ ਸੁਣਨ ਲਈ ਰੁਕਿਆ ਨਹੀਂ (ਵੇਖੋ ਯੂਹੰਨਾ 17:17)। [45]*ਬਾਰਟਲੈਟ'ਜ਼ ਫੈਮਿਲੀਅਰ ਕੁਟੇਸ਼ੰਜ਼, ਐਕਸਪੈਂਡਿਡ ਮਲਟੀਮੀਡੀਆ ਐਡੀਸ਼ਨ* (ਟਾਈਮ ਵਾਰਨਰ ਇਲੈਕਟ੍ਰੌਨਿਕ ਪਬਲਿਸ਼ਿੰਗ, 1995) ਵਿਚ ਦੁਹਰਾਇਆ ਗਿਅ, ਫ੍ਰਾਂਸਿਸ ਬੇਕਨ, ''ਐਸੇਜ਼ [1625], ਆਫ਼ ਟਰੁੱਥ।'' [46]ਜੌਨ ਰੌਬਿਨਸਨ, ''ਵ੍ਹਟ ਸ਼ੈਲ ਇਟ ਬੀ?'' *ਸੌਂਗਸ ਆਫ਼ ਫ਼ੇਥ ਐਂਡ ਪ੍ਰੇਜ਼,* ਸੰਕਲਨ ਅਤੇ ਸੰਪਾਦਨ ਆਲਟਨ ਐਚ. ਹੌਵਰਡ (ਵੈਸਟ ਮੋਨਰੋ, ਲੂਈਸਿਆਨਾ: ਹੌਵਰਡ ਪਬਲਿਸ਼ਿੰਗ ਕੰ., 1994)। [47]ਵਿਲੀਅਮ ਐੱਸ. ਬੈਨੋਵਸਕੀ, *ਸਰਮੰਜ਼ ਆਫ਼ ਵਿਲੀਅਮ ਐੱਸ. ਬੈਨੋਵਸਕੀ,* ਗ੍ਰੇਟ ਪ੍ਰੀਚਰਜ਼ ਆਫ਼ ਟੁਡੇ ਸੀਰੀਜ਼, ਜਿਲਦ 11, ਸੰਪਾ. ਜੇ. ਡੀ. ਥੌਮਸ (ਅਬਿਲੇਨ, ਟੈਕਸਸ: ਬਿਬਲੀਕਲ ਰਿਸਰਚ ਪ੍ਰੈੱਸ, 1967), 28–37.